# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **29.5.2020**

# ਦੀ ਕਾਰਵਾਈ

(ਮਤਾ ਨੰ: **54-70**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ **29.5.2020** ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ
6. ਸ੍ਰੀ ਗਿਆਨ ਚੰਦ, ਕੌਂਸਲਰ ..................................... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
29.5.2020

**ਮਤਾ ਨੰਬਰ:- 54**
ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 3.3.2020 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 3.3.2020 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ:

- ਮਿਤੀ 24.2.2020 ਦੀ ਮੱਦ ਨੰ: 43 ਸਬੰਧੀ ਮਿਤੀ 3.3.2020 ਨੂੰ ਹੋਈ ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਸੀ ਕਿ ਜ਼ੋਨ ਨੰ: 7 ਦੇ ਪੁਰਾਣੇ ਠੇਕੇਦਾਰ ਪਾਸੋਂ 100% ਲਾਈਟਾਂ ਜਗਦੀਆਂ ਵਾਪਸ ਲੈਣ ਹਿੱਤ ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ, ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਸ੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ, ਵਾਰਡ ਨੰ: 58 ਸਟਰੀਟ ਲਾਈਟ ਐਡਹਾਕ ਕਮੇਟੀ, ਸ੍ਰੀ ਗੁਰਚੈਨ ਸਿੰਘ, ਕਾਰਜਕਾਰੀ ਇੰਜ਼ੀਨਿਅਰ, ਸ੍ਰੀ ਸੁਰੇਸ਼ ਕੁਮਾਰ, ਐਸ.ਡੀ.ਓ., ਸ੍ਰੀ ਅਨਿਲ ਚੱਡਾ, ਜੇ.ਈ. ਦੀ ਇੱਕ ਕਮੇਟੀ ਬਣਾਈ ਜਾਂਦੀ ਹੈ ਜਿਹੜੀ ਕਿ 100% ਪੁਆਇੰਟਸ ਚੈਕ ਕਰੇਗੀ ਅਤੇ ਖ਼ਾਸ ਤੌਰ ਤੇ ਇਹਨਾਂ ਪੁਆਇੰਟਾਂ ਦੀਆਂ ਚੋਕਾਂ ਅਤੇ ਬਲਬਾਂ ਨੂੰ ਚੈਕ ਕਰੇਗੀ ।ਇਸ ਸਬੰਧੀ ਨਿਗਰਾਨ ਇੰਜੀਨਿਅਰ (ਲਾਈਟ) ਨੂੰ ਪੁੱਛਿਆ ਗਿਆ ਤਾਂ ਉਹਨਾਂ ਵਲੋਂ ਦੱਸਿਆ ਗਿਆ ਕਿ ਇਹ ਕੰਮ ਅੱਜ ਤੋਂ ਸ਼ੁਰੂ ਹੋ ਗਿਆ ਹੈ ਜਿਸ ਤੇ ਮੇਅਰ ਜੀ ਨੇ ਪੁੱਛਿਆ ਕਿ ਮਿਤੀ 3.3.2020 ਨੂੰ ਹੋਏ ਫੈਸਲੇ ਅਨੁਸਾਰ ਪਹਿਲਾਂ ਇਹ ਕੰਮ ਕਿਓਂ ਨਹੀਂ ਸ਼ੁਰੂ ਹੋਇਆ ।ਉਹਨਾਂ ਇਹ ਵੀ ਪੁੱਛਿਆ ਇਸ ਜ਼ੋਨ ਦੇ ਨਵੇਂ ਵਰਕ ਆਰਡਰ ਦੀ ਕੀ ਮਿਤੀ ਹੈ । ਇਸ ਵਰਕ ਆਰਡਰ ਤੋਂ ਪਹਿਲਾਂ ਜਿਹੜਾ ਉਸ ਠੇਕੇਦਾਰ ਨੇ ਕੰਮ ਨਹੀਂ ਕੀਤਾ ਉਸ ਬਾਰੇ ਕੀ ਉਸ ਨੂੰ ਜੁਰਮਾਨਾ ਲਗਾਉਣਾ ਨਹੀਂ ਬਣਦਾ? ਇਸ ਸਬੰਧੀ ਸਾਰੀ ਡਿਟੇਲ ਉਹਨਾਂ ਨੂੰ ਦਿੱਤੀ ਜਾਵੇ।

- ਮਿਤੀ 3.3.2020 ਨੂੰ ਹੋਈ ਮੀਟਿੰਗ ਵਿੱਚ ਮੇਅਰ ਜੀ ਵਲੋਂ ਹਦਾਇਤ ਕੀਤੀ ਗਈ ਸੀ ਕਿ ਜਿਹੜੀ ਸ਼ਹਿਨਾਈ ਪੈਲੇਸ ਵਾਲੀ ਸੜਕ ਦੇ ਟੈਂਡਰ ਪ੍ਰਵਾਨ ਹੋ ਚੁੱਕੇ ਹਨ ਅਤੇ ਕੰਮ ਸ਼ੁਰੂ ਕਰਵਾਇਆ ਜਾਣਾ ਹੈ ਉਹ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇਹ ਸੜਕ ਪਹਿਲਾਂ ਜਦੋਂ ਬਣੀ ਸੀ, ਉਸ ਦੀ ਮਿਸਲ ਉਹਨਾਂ ਨੂੰ ਸ੍ਰੀ ਰਜਨੀਸ਼ ਡੋਗਰਾ, ਐਸ.ਈ. (ਬੀ ਐਂਡ ਆਰ) ਵਲੋਂ ਦੋ ਦਿਨਾਂ ਵਿੱਚ ਪੁਟ ਅਪ ਕੀਤੀ ਜਾਵੇਗੀ ।ਪ੍ਰੰਤੂ ਅੱਜ ਸ੍ਰੀ ਰਜਨੀਸ਼ ਡੋਗਰਾ ਐਸ.ਈ. (ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਇਹ ਇਲਾਕਾ ਉਹਨਾਂ ਪਾਸ ਨਹੀਂ ਹੈ ਅਤੇ ਸ੍ਰੀ ਐਮ.ਐਮ.ਸਿਆਲ, ਐਸ.ਈ.(ਬੀ ਐਂਡ ਆਰ) ਪਾਸ ਹੈ ਅਤੇ ਸ੍ਰੀ ਐਮ.ਐਮ.ਸਿਆਲ, ਐਸ.ਈ.(ਬੀ ਐਂਡ ਆਰ) ਵਲੋਂ ਮੇਅਰ ਜੀ ਨੂੰ ਇਹ ਮਿਸਲ ਸੋਮਵਾਰ ਮਿਤੀ 1.6.2020 ਨੂੰ ਸਵੇਰੇ 11:00 ਵਜੇ ਤੱਕ ਪਹੁੰਚਾਉਣ ਸਬੰਧੀ ਹਾਮੀ ਭਰੀ ਗਈ ।
- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
29.5.2020

ਮਤਾ ਨੰਬਰ:- 55

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ / Sanctioned Amt. | Saving % age | Tender Amt. | Name of Agency | Tender called (No. of Times) | No. of Tenders Received | House Reso. |
|---|---|---|---|---|---|---|---|---|---|---|
| 1 | 33 old | Const. Of Hut and renovation of park near Sh. Ramchand Memorial School (KVC Children Park) U.E. Ph-11 | 2.28 | 2.24 | 3.08% | 2.17 | M/s. Satnam Co.op. L/C Society Ltd. | 15th | 1 | 68(04) Dt. 8.5.2015 |
| 2 | 71 | P/L SDBC on road from G.T.road to Sheetal Road along Ganda Nala | 58.01 | 55.85 | 2.90% | 54.22 | M/s. Bhushan Chhura & Co. | 3rd | 1 | 97(99) Dt. 25.6.18 |
| 3 | 19 | P/L BC on main road from Alaska Chowk to GNDU. Ward No. 19 | 16.97 | 12.91 | 1.22 % | 12.75 | M/S. Rajiv Kumar Aggarwal | 4th | 1 | 80(45) Dt. 29.11.2019 |
| 4 | 20 | P/L of SDBC on the road opposite Red Cross Bhawan Connecting to Link road. | 17.39 | 17.39 | 1.21% | 17.18 | M/S. Rajiv Kumar Aggarwal | 5th | 1 | 80(54) Dt. 29.11.2019 |
| 5 | 15 | Laying BM & PC in Street of Chuggiti at MC Councillor Chatha Office Side. | 5.52 | 5.52 | 1.08% | 5.46 | M/S Satish Aggarwal and Co. | 8th | 1 | 100(40) Dt. 25.6.2018 |
| 6 | 52 | P/L of Cement Conc. In Sheikhan Bazar and bachpan Collection Street in W. No. 52. | 17.77 | 17.77 | 0.11% | 17.75 | M/s. Vikas Gambhir Govt. Contractor | 4th | 1 | 100(86) Dt. 25.6.2018 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਲੜੀ ਨੰ: 2 ਦੇ ਟੈਂਡਰ ਨੂੰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ ਤੇ ਨਾਲ ਹੀ ਸ੍ਰੀ ਐਮ.ਐਮ.ਸਿਆਲ, ਐਸ.ਈ. (ਬੀ ਐਂਡ ਆਰ) ਇਸ ਬਾਰੇ ਡਿਟੇਲ ਰਿਪੋਰਟ ਮੇਅਰ ਜੀ ਨੂੰ ਦੇਣ ਬਾਰੇ ਹਦਾਇਤ ਕੀਤੀ ਗਈ । ਇਹ ਵੀ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਲੜੀ ਨੰ: 1,3,4,5, ਅਤੇ 6 ਦੇ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020

ਮਤਾ ਨੰਬਰ:– 56

ਵਿਸ਼ਾ:– ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ–ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:–

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ / Sanctioned Amt. | Saving % age | Tender Amt. | Name of Agency | Tender called (No. of Times) | No. of Tenders Received | House Reso. |
|---|---|---|---|---|---|---|---|---|---|---|
| 1 | Gen | P/L Interlocking tiles Ghas Mandi to Green Avenue on Kala Sangha Road, Jalandhar. | 75.43 | 75.38 | 20.90% | 59.46 | S.S. Engineers & Builders | 2 | 5 | 80(15) dt. 29.11.2019 |
| 2 | 62 | Maintenance of Streets, drains & Parks in Ward no. 62 | 10.00 | 10.01 | 9.65% | 9.04 | Punjab Engg. Co. Op. L/C Society | 11 | 1 | 97(57) dt. 25.06.2018 |
| 3 | Gen | P/L paint and repair on occasion of Birth Anniversary of Shri Guru Ravidass Maharaj Ji, Kabir Jayanti and various occasions in West Constituency | 19.87 | 19.87 | 8.88% | 18.11 | M/S Mohinder Pal Contractor | 2 | 3 | 84(5) dt. 29.11.2019 |
| 4 | 76 | P/L of M-30 C.Cone. near MS farm ward no. 76 **(UEIP Grant)** | 11.16 | 11.16 | 5.88% | 10.50 | The Inderprasth Co. Op. L/c Society | 4 | 2 | 81(W-21) dt. 29.11.2019 |
| 5 | 65 | Const. Of CC street at BSF Colony and Gopal Nagar . **(UEIP Grant)** | 10.95 | 10.95 | 5.33% | 10.37 | The Inderprasth Co. Op. L/c Society | 4 | 2 | 81(N-40) dt. 29.11.2019 |
| 6 | 15 | Const. Of Side berms of main Raod Guru Nanak Pura Mohalla, Ward no. 15 | 13.66 | 13.48 | 5.07% | 12.80 | Sh. Vikas Dhawan | 1 | 3 | 100(38) dt. 29.11.2019 |
| 7 | Gen | Const. Of RCC Road from Sardar Patel Chowk Near Sai Dass School to Bagwan Valmiki Gate (Circular Road) | 139.69 | 128.37 | 5.00% | 121.95 | Shiv Kumar Bansal | 1 | 3 | 80(01) dt. 29.11.2019 |
| 8 | 53 | Const. Of CC street in Quilla Mohalla | 5.39 | 5.39 | 4.99% | 5.12 | Joginder Enterprises | 10 | 1 | 97(21) dt. 25.6.2018 |
| 9 | Gen | P/L SDBC from Babrik Chowk to Shri Guru Ravidass Chowk Jalandhar | 61.07 | 61.03 | 4.90% | 58.04 | Bhushan Chhura & Co. | 3 | 1 | 80(18) dt. 29.11.2019 |
| 10 | Gen | Restoration of Storm Water pipe trench on Sodal Preet Nagar Road with P/L GSB. | 125.98 | 125.75 | 4.90% | 119.58 | Bhushan Chhura & Co. | 3 | 1 | 80(07) dt. 29.11.2019 |
| 11 | Gen | Construction of RCC Road at Bus Stand Exit to War Memorial | 183.12 | 173.36 | 4.84% | 164.71 | Sh. Rajesh Bansal Contractor | 1 | 3 | 80(61) dt.29.11.2019 |
| 12 | Gen | P/L BC on main Road from BSF chowk to Ladowali Railway crossing. | 111.26 | 81.53 | 4.40% | 77.94 | Satish Aggarwal & Co. | 1 | 3 | 80(01) dt. 29.11.2019 |
| 13 | Gen | P/L BC on main road from Alaska Chowk to Preet Nagar Railway Crossing. | 120.41 | 89.96 | 4.40% | 85.99 | Satish Aggarwal & Co. | 1 | 3 | 80(01) dt. 29.11.2019 |
| 14 | 34 | P/L open Graded Premix Carpet in Bhargo Camp | 16.13 | 15.75 | 1.88% | 15.45 | Satish Aggarwal & Co. | 10 | 1 | 99(12) dt. 25.06.2018 |
| 15 | Gen | P/L SDBC Bhagat Singh Nagar to Mohalla Kot | 18.34 | 18.34 | 1.88% | 18.00 | Satish Aggarwal & Co. | 4 | 1 | 80(27) dt. 29.11.2019 |

| | | | | | | | | | | |
|---|---|---|---|---|---|---|---|---|---|---|
| 16 | 37 | Re-Laying of PC in various street of Ashok Nagar & New Ashok Nagar | 21.04 | 21.04 | 1.88% | 20.64 | Satish Aggarwal & Co. | 4 | 1 | 82(27) dt. 29.11.2019 |
| 17 | 39 | Re-Laying of various streets of Model House W.No. 39 | 9.70 | 9.70 | 1.88% | 9.52 | Satish Aggarwal & Co. | 8 | 1 | 99(34) dt. 25.6.2018 |
| 18 | Gen | Const of connecting Road from Narinder Theater to Ghara Road. | 19.38 | 18.40 | 1.88% | 18.05 | Satish Aggarwal & Company | 10 | 1 | 163(11) dt. 18.10.2018 |
| 19 | 41 | P/L of BM & PC in streets of Tower Enclave Ph.2 Ward No. 41 **(UEIP Grant)** | 36.05 | 36.05 | 1.88% | 35.37 | Satish Aggarwal & Company | 4 | 1 | 81(K-01) dt. 29.11.2019 |
| 20 | 64 | P/L 25mm thick SDBC on Road in Industrial Area (Sodal Chowk to Sodal Phatak to Ram Nagar) | 58.62 | 58.62 | 1.27% | 57.88 | Bhushan Chhura & Co. | 7 | 1 | 85(06) dt. 29.11.2019 |
| 21 | 65 | P/L SDBC on Road from Ghandi Camp to Dana Mandi and Balmik Colony. | 9.71 | 9.52 | 1.21% | 9.40 | Rajiv Kumar Aggarwal | 5 | 1 | 80(14) dt. 29.11.2019 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ-ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਲੜੀ ਨੰ: 1 ਅਤੇ 2 ਦੇ ਟੈਂਡਰ ਨੂੰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ । ਇਹ ਵੀ ਫੈਸਲਾ ਹੋਇਆ ਕਿ ਮੱਦ ਵਿੱਚ ਦਰਜ ਲੜੀ ਨੰ: 3 ਤੋਂ 21 ਤੱਕ ਦੇ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020

ਮਤਾ ਨੰਬਰ:- 57

ਵਿਸ਼ਾ:- ਵਿੱਤ ਅਤੇ ਠੇਕਾ ਕਮੇਟੀ ਵਿਚ ਪੈਂਡਿੰਗ ਰੱਖੇ ਗਏ ਮਤਾ ਨੰ: 22(1) ਮਿਤੀ 23.1.2020 ਨੂੰ ਦੁਬਾਰਾ ਮੀਟਿੰਗ ਵਿਚ ਵਿਚਾਰਣ ਬਾਰੇ ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਵਿੱਤ ਅਤੇ ਠੇਕਾ ਕਮੇਟੀ ਵਿਚ ਪੈਂਡਿੰਗ ਰੱਖੇ ਗਏ ਮਤਾ ਨੰ: 22 (1) ਮਿਤੀ 23.1.2020 ਨੂੰ ਦੁਬਾਰਾ ਮੀਟਿੰਗ ਵਿਚ ਵਿਚਾਰਣ ਲਈ ਹੇਠ ਲਿਖੇ ਅਨੁਸਾਰ ਹੈ:-

***ਰੁਪਏ ਲੱਖਾਂ ਵਿੱਚ***

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received |
|---|---|---|---|---|---|---|---|---|---|
| 1. | Gen | Repair and Renovation of area adjoining Sodal Mandir ahead of Sodal mela. | 13.10 | 13.10 | 5.25 | 12.40 | Vipan Jain | 5th Time | 01 |

ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 6.3.2020 ਰਾਹੀਂ ਉਪਰੋਕਤ ਟੈਂਡਰ ਮੁੜ ਵਿੱਤ ਅਤੇ ਠੇਕਾ ਕਮੇਟੀ ਵਿਚ ਪ੍ਰਵਾਨਗੀ ਲੈਣ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 9.3.2020 ਰਾਹੀਂ ਉਕਤ ਟੈਂਡਰ ਮੁੜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020

**ਮਤਾ ਨੰਬਰ:-58**
ਵਿਸ਼ਾ:- ਕੰਸਟਰਕਸ਼ਨ ਆਫ ਸੀ.ਸੀ. ਸਟਰੀਟਸ ਇੰਨ ਗੋਬਿੰਦ ਨਗਰ।(ਸਾਇਟ ਬਦਲੀ ਅਤੇ ਤਖਮੀਨਾ ਸੋਧਣ ਬਾਰੇ)

ਪੜ੍ਹਿਆ ਨੋਟ ਬੀ.ਐਂਡ.ਆਰ ਸ਼ਾਖਾ ਜਿਸ ਨਾਲ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ 16.3.2020 ਰਾਹੀਂ ਸਿਫਾਰਿਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਪੰਜਾਬ ਇੰਜੀਨਿਅਰਿੰਗ ਕੋਪ੍ਰੇਟਿਵ ਐਲ.ਸੀ. ਸੁਸਾਇਟੀ ਨੂੰ ਵਰਕ ਆਰਡਰ ਨੰ: ਸੀ.ਈ/ਐਨ/9 ਮਿਤੀ: 28.01.19 ਰਾਹੀ ਅਲਾਟ ਕੀਤਾ ਗਿਆ ਸੀ।ਇਸ ਕੰਮ ਦਾ ਤਖਮੀਨਾ ਰੁ: 22.02 ਲੱਖ ਦਾ ਸੀ, ਜਿਸ ਵਿਚੋਂ ਸੁਸਾਇਟੀ ਵੱਲੋਂ ਦੋ ਸੜਕਾਂ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ ਅਤੇ ਇੱਕ ਸੜਕ ਦਾ ਕੰਮ ਬਾਕੀ ਹੈ।ਇਸ ਕੰਮ ਦਾ ਪਹਿਲਾ ਚੱਲਤ ਬਿੱਲ ਰੁ : 12.39 ਲੱਖ ਦਾ ਬਣਾਇਆ ਗਿਆ ਸੀ ਅਤੇ ਇਸ ਦੀ ਅਦਾਇਗੀ ਸੁਸਾਇਟੀ ਨੂੰ ਕੀਤੀ ਜਾ ਚੁੱਕੀ ਹੈ।ਏਰੀਆਂ ਕੌਂਸਲਰ ਵੱਲੋਂ ਇਸ ਕੰਮ ਵਿੱਚੋ ਇਸ ਸੜਕ ਦੀ ਜਗ੍ਹਾਂ ਅਮਰ ਗਾਰਡਨ ਦੀ ਇੱਕ ਮੇਨ ਸੜਕ ਅਤੇ 5 ਛੋਟੀਆਂ ਬ੍ਰਾਚਾਂ ਬਨਾਉਣ ਦੇ ਲਈ ਲਿਖ ਕੇ ਦਿੱਤਾ ਗਿਆ ਹੈ।ਕਿਉ ਜੋ ਇਹਨਾਂ ਸੜਕਾਂ ਦਾ ਏਰੀਆਂ ਜਿਆਦਾ ਹੈ, ਇਸ ਕੰਮ ਦੇ ਤਖਮੀਨੇ ਨੂੰ ਸੋਧਿਆ ਗਿਆ ਹੈ, ਜੋ ਕਿ ਰੁ: 27.18 ਲੱਖ ਦਾ ਬਣਿਆ ਹੈ।ਇਹ ਕੰਮ 25% ਦੇ ਵਾਧੇ ਦੇ ਅੰਦਰ ਮੁਕਮੰਲ ਕੀਤਾ ਜਾ ਸਕਦਾ ਹੈ।ਇਸ ਕੰਮ ਦਾ ਸੋਧਿਆ ਨਕਸ਼ਾ ਵੀ ਨਾਲ ਲਗਾ ਦਿੱਤਾ ਗਿਆ ਹੈ।ਇਸ ਕੰਮ ਦੀ ਸਾਈਟ ਬਦਲੀ ਕਰਨ ਅਤੇ 25% ਸੋਧਣ ਦੀ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਮੰਜੂਰੀ ਹਿੱਤ ਭੇਜੀ ਜਾਂਦੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 16.3.2020 ਰਾਹੀਂ ਟੈਂਡਰ ਰਿਵਾਈਜ ਕਰਨ ਅਤੇ ਸਾਇਟ ਬਦਲੀ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:
ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
29.5.2020

**ਮਤਾ ਨੰਬਰ:-59**

ਵਿਸ਼ਾ :- ਰੈਨੋਵੇਸ਼ਨ ਆਫ ਪਾਰਕ ਇੰਨ ਗੁਰੂ ਅਮਰਦਾਸ ਨਗਰ, ਵਾਰਡ ਨੰ: 2

ਪੜ੍ਹਿਆ ਨੋਟ ਬੀ.ਐਂਡ.ਆਰ ਸ਼ਾਖਾ ਜਿਸ ਨਾਲ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਸਿਫਾਰਿਸ਼ ਕੀਤੀ ਹੈ ਕਿ ਉਪਰੋਕਤ ਕੰਮ ਮੈਸਰਜ਼ ਰਾਧਿਕਾ ਕੰਟਰੈਕਟਰ ਨੂੰ ਵਰਕ ਆਰਡਰ ਨੰਬਰ : CE/N/67 ਮਿਤੀ : 19.11.2019 ਰਾਹੀ ਅਲਾਟ ਕੀਤਾ ਗਿਆ ਸੀ। ਇਸ ਕੰਮ ਨੂੰ ਕਰਨ ਲਈ ਦੋ ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਹਲਕਾ ਐਮ.ਐਲ.ਏ. ਸਾਹਿਬ ਵੱਲੋ ਇਸ ਕੰਮ ਵਿੱਚੋ ਸਲੇਮਪੁਰ ਮੁਸਲਮਾਨਾਂ ਪਾਰਕ ਵਿਖੇ ਫੁੱਟਪਾਥ ਬਣਾਉਣ ਅਤੇ ਬੱਚਿਆ ਦੀਆਂ ਖੇਡਾ ਲਗਾਉਣ ਲਈ ਕਿਹਾ ਹੈ ਅਤੇ ਨਾਲ ਗੁਰੂ ਅਮਰਦਾਸ ਨਗਰ ਦਾ ਪਾਰਕ ਵੀ ਬਣਾਉਣ ਲਈ ਪੱਤਰ ਦਿੱਤਾ ਹੈ।ਇਸ ਲਈ ਇਸ ਕੰਮ ਦੀ ਸਾਈਟ ਬਦਲਣ, ਰਿਵਾਈਜ਼ ਤਖਮੀਨਾਂ ਪ੍ਰਵਾਨ ਕਰਨ ਅਤੇ ਕੰਮ ਦਾ ਸਮਾਂ ਵਿੱਤ ਅਤੇ ਠੇਕਾ ਕਮੇਟੀ ਦੀ ਅਪਰੂਵਲ ਤੋਂ 2 ਮਹੀਨੇ ਵਧਾਉਣ ਦੀ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.12.2019 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020

ਮਤਾ ਨੰਬਰ:- 60

ਵਿਸ਼ਾ:- ਬੀ.ਐਮ.ਸੀ. ਚੌਂਕ ਤੋਂ ਭਗਵਾਨ ਸ੍ਰੀ ਰਾਮ ਚੌਂਕ ਤੱਕ ਸੜਕ ਦੀ ਉਸਾਰੀ ਸਬੰਧੀ ।

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਜਿਸ ਦੀ ਸਿਫਾਰਸ਼ ਕਾਰਜਕਾਰੀ ਇੰਜੀਨੀਅਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਇਹ ਸੜਕ ਜ਼ੋ ਕਿ ਸ਼ਹਿਰ ਦੀ ਮੇਨ ਸੜਕ ਹੈ ਦੀ ਉਸਾਰੀ ਲਈ ਨਗਰ ਨਿਗਮ ਵਲੋਂ ਪੀ.ਆਈ.ਡੀ.ਬੀ. ਫੰਡ ਅਧੀਨ ਕੰਮ (ਤਖਮੀਨਾ ਰੁਪਏ 76.77 ਲੱਖ) ਵਰਕ ਆਰਡਰ ਨੰ: 102, ਮਿਤੀ 15.12.2016 ਰਾਹੀਂ ਸ੍ਰੀ ਰਾਜੀਵ ਅਗਰਵਾਲ, ਠੇਕੇਦਾਰ ਨੂੰ ਅਲਾਟ ਕੀਤਾ ਗਿਆ ਸੀ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਧੀਨ ਉਸ ਸਮੇਂ ਨਾ ਸੁਰੂ ਹੋਏ ਕੰਮਾਂ ਨੂੰ ਰੋਕਣ ਅਤੇ ਫੰਡਾਂ ਦੀ ਵਾਪਸੀ ਹੋਈ ਸੀ, ਜਿਸ ਕਾਰਨ ਇਸ ਕੰਮ ਨੂੰ ਸੁਰੂ ਨਹੀਂ ਕਰਵਾਇਆ ਗਿਆ।

ਇਥੇ ਇਹ ਦੱਸਣਾ ਜਰੂਰੀ ਹੈ ਕਿ ਇਹ ਸੜਕ ਸ਼ਹਿਰ ਦੀ ਮੇਨ ਰੋਡ ਹੋਣ ਕਾਰਨ, ਇਸ ਸੜਕ ਦਾ ਨਿਰਮਾਣ ਬਹੁਤ ਜਰੂਰੀ ਸੀ। ਇਸ ਕੰਮ ਦੀ ਪ੍ਰਵਾਨਗੀ ਮੇਅਰ ਸਾਹਿਬ ਵਲੋਂ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਨਗਰ ਨਿਗਮ ਜਲੰਧਰ ਦੇ ਫੰਡਾਂ ਵਿਚੋਂ ਕਰਵਾਉਣ ਲਈ ਮਿਤੀ 1.3.2019 ਨੂੰ ਦਿੱਤੀ ਗਈ। ਇਸ ਉਪਰੰਤ ਇਹ ਕੰਮ ਨਗਰ ਨਿਗਮ ਹਾਊਸ ਦੇ ਮਤਾ ਨੰ: 82(6) ਮਿਤੀ 29.11.2019 ਰਾਹੀਂ ਪ੍ਰਵਾਨ ਕੀਤਾ ਗਿਆ। ਇਸ ਕੰਮ ਦੀ ਅੰਤਿਮ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਲੈਣੀ ਲੋੜੀਂਦੀ ਹੈ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 29.1.2020 ਰਾਹੀਂ ਇਸ ਕੰਮ ਦੀ ਅੰਤਿਮ ਪ੍ਰਵਾਨਗੀ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਰੱਖਣ ਦੀ ਸਿਫਾਰਸ਼ ਕੀਤੀ ਹੈ। ਮਾਨਯੋਗ ਮੇਅਰ ਜੀ ਨੇ ਮਿਤੀ 4.2.2020 ਰਾਹੀਂ ਕਮਿਸ਼ਨਰ ਜੀ ਪਾਸੋਂ ਟਿੱਪਣੀ ਮੰਗੀ ਅਤੇ ਕਮਿਸ਼ਨਰ ਜੀ ਨੇ ਮਿਤੀ 12.2.2020 ਰਾਹੀਂ ਲਿਖਿਆ ਹੈ ਕਿ It may be put up before F&CC for consideration and approval.

ਮਾਨਯੋਗ ਮੇਅਰ ਜੀ ਨੇ ਮਿਤੀ 29.2.2020 ਰਾਹੀਂ ਲਿਖਿਆ ਹੈ ਕਿ It has been seen that on the request and urgency of the matter the approval of the Anticipation of F&CC has been granted on 1.3.2019 and the work has been done from the Municipal funds. The Municipal House vide Resolution No. 82(6) dt. 29.11.2019 has passed the estimate. So, therefore, you are required to fix the responsibility of the officer/official on the delay of the matter to submit the agenda in the various previous meetings of F&CC held after March, 2019 and send the report to the undersigned within 3 days.

ਕਮਿਸ਼ਨਰ ਜੀ ਨੇ ਮਿਤੀ 3.3.2020 ਰਾਹੀਂ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੂੰ ਲਿਖਿਆ ਹੈ ਕਿ to fix the responsibility and put up.

ਇਸ ਸਬੰਧੀ ਬੀ.ਐਂਡ ਆਰ. ਸ਼ਾਖਾ ਦੇ ਕਰਮਚਾਰੀਆਂ/ਅਧਿਕਾਰੀਆਂ ਨੇ ਰਿਪੋਰਟ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਉਪਰੋਕਤ ਕੰਮ ਰੁ:76.77 ਲੱਖ ਦਾ ਤਖਮੀਨਾ ਕੰਮ ਦੀ ਮਹੱਤਤਾ, ਪਬਲਿਕ ਹਿੱਤ ਅਤੇ ਜਰੂਰਤ ਨੂੰ ਦੇਖਦੇ ਹੋਏ ਨਗਰ ਨਿਗਮ ਦੇ ਫੰਡ ਵਿੱਚੋ ਕਰਵਾਉਣ ਲਈ ਪ੍ਰਵਾਨਗੀ ਮਿਤੀ : 25.01.2019 ਰਾਹੀ ਲਈ ਗਈ ਸੀ। ਸੜ੍ਹਕ ਦੀ ਹਾਲਤ ਜਿਆਦਾ ਖਰਾਬ ਹੋਣ ਕਾਰਨ ਇਸ ਕੰਮ ਲਈ ਮਾਨਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮਿਤੀ : 26.02.2019 ਰਾਹੀ ਹੁਕਮ ਪ੍ਰਾਪਤ ਹੋਏ ਅਤੇ ਨਾਲ ਹੀ ਮਿਤੀ : 01.03.2019 ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਹੁਕਮ ਪ੍ਰਾਪਤ ਹੋਏ। ਇਹ ਕੰਮ ਮੌਕੇ ਤੇ ਮਿਤੀ : 25.05.2019 ਨੂੰ ਮੁਕੰਮਲ ਕਰਵਾਇਆ ਗਿਆ ਅਤੇ ਅਦਾਇਗੀ ਲਈ ਭੇਜਿਆ ਗਿਆ। ਅਕਾਂਊਂਟ ਸ਼ਾਖਾ ਵੱਲੋ ਇਸ ਤਖਮੀਨੇ ਦੀ ਰੈਗੂਲਰ ਪ੍ਰਵਾਨਗੀ ਦੀ ਮੰਗ ਕੀਤੀ ਗਈ। ਰੈਗੂਲਰ ਪ੍ਰਵਾਨਗੀ ਲਈ ਕੇਸ ਮਾਣਯੋਗ ਹਾਊਸ ਵਿੱਚ ਮਤਾ ਨੰ: 82(06) ਮਿਤੀ : 29.11.2019 ਰਾਹੀ ਪ੍ਰਵਾਨ ਕੀਤਾ ਗਿਆ। ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ ਵੱਲੋ ਸਬੰਧਤ ਮਤੇ ਦੀ ਪ੍ਰਵਾਨਗੀ ਪੱਤਰ ਨੰ: ਸ5-ਡਸਸ-ਮਸਸ-2020/9305, ਮਿਤੀ : 18.02.2020 ਰਾਹੀ ਦਿੱਤੀ ਗਈ ਅਤੇ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਵਿਸ਼ੇ ਅਧੀਨ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਰੈਗੂਲਰ ਪ੍ਰਵਾਨਗੀ ਲਈ ਭੇਜਣਾ ਯੋਗ ਸੀ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਫਾਈਲ ਪ੍ਰੋਸੈਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਦੇਰੀ ਨਹੀਂ ਕੀਤੀ ਗਈ ਅਤੇ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਵੱਲੋ ਸਬੰਧਤ ਮਤੇ ਦੀ ਫਾਈਨਲ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਾਅਦ ਹੀ ਵਿੱਤ ਅਤੇ ਠੇਕਾ ਕਮੇਟੀ ਦੀ ਰੈਗੂਲਰ ਪ੍ਰਵਾਨਗੀ ਲਈ ਭੇਜਣਾ ਯੋਗ ਸਮਝਿਆ ਗਿਆ ਹੈ। ਇਸ ਲਈ ਮੁੜ ਤੋਂ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ੇ ਅਧੀਨ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਅੰਤਿਮ ਪ੍ਰਵਾਨਗੀ ਲਈ ਕੇਸ ਭੇਜਣਾ ਯੋਗ ਹੋਵੇਗਾ ਜੀ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 9.3.2020 ਨੂੰ ਲਿਖਿਆ ਹੈ ਕਿ May kindly be approved as above and the approval of the Agenda has been approved on 18.2.2020 and the file has to be put up after approval from the Govt. and the file now needs approval from F&CC. ਕਮਿਸ਼ਨਰ ਜੀ ਨੇ ਮਿਤੀ 12.3.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 12.3.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020

ਮਤਾ ਨੰਬਰ:- 61

ਵਿਸਾ:- ਸੁਪਰ ਸਕਰ ਮਸ਼ੀਨ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮੱਦਦ ਨਾਲ ਸ਼ੁਗਰਕੇਨ ਫੀਲਡਜ ਸਈਪੁਰ ਤੋਂ ਸੋਡਲ ਮੰਦਿਰ ਤੱਕ ਮੇਨ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਦੇ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ।

ਤਖਮੀਨਾਂ ਰੁਪਏ 23.00 ਲੱਖ ਸੋਧਿਆ ਤਖਮੀਨਾ ਰੁਪਏ 18,26,950/-

ਅਜੰਸੀ ਦਾ ਨਾਮ: M/s APESPL-IBA JV, (Aryan Pumps Enviro Solution Pvt. Ltd- Inderjit Bajaj & Associates JV) Pune

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 13.2.2020 ਕਿ ਉਪਰੋਕਤ ਵਿਸ਼ੇ ਤੇ ਕੰਮ ਕਰਵਾਉਣ ਵਾਸਤੇ ਤਖਮੀਨਾ ਰੁਪਏ 23,00,000/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 179(68) ਮਿਤੀ 05-12-2016 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਪੱਤਰ ਨੰਬਰ 31941 ਮਿਤੀ 13-06-2018 ਰਾਹੀਂ ਦਿੱਤੀ ਗਈ।

ਸਥਾਨਕ ਸਰਕਾਰ ਦੇ ਰੇਟ ਕੰਟਰੈਕਟ ਅਨੁਸਾਰ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 18,26,950/- ਦਾ ਤਿਆਰ ਕੀਤਾ ਗਿਆ। ਸਥਾਨਕ ਸਰਕਾਰ ਵਲੋਂ ਪ੍ਰਵਾਨ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ M/s APESPL-IBA JV, (Aryan Pumps Enviro Solution Pvt. Ltd- Inderjit Bajaj & Associates JV) Pune ਤੋਂ ਕਰਵਾਉਣ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 79 ਮਿਤੀ 30-05-2019 ਰਾਹੀਂ ਦਿੱਤੀ ਗਈ। ਇਸ ਉਪਰੰਤ ਅਜੰਸੀ ਨੂੰ ਵਰਕ ਆਰਡਰ ਨੰਬਰ ਸੀ.ਈ/ਏ.ਆਰ.ਸੀ/91 ਮਿਤੀ 21-06-2019 ਜਾਰੀ ਕੀਤਾ ਗਿਆ ਤੇ ਕੰਮ ਨੂੰ ਮਕੰਮਲ ਕਰਨ ਲਈ 4 ਮਹੀਨੇ ਦਾ ਸਮਾਂ ਦਿੱਤਾ ਗਿਆ।

ਇਥੇ ਇਹ ਦਸਿਆ ਜਾਂਦਾ ਹੈ ਕਿ ਵਿੱਤ ਅਤੇ ਠੇਕਾ ਕਮੇਟੀ ਵਿੱਚ ਪਾਸ ਹੋਏ ਸੋਧੇ ਤਖਮੀਨੇ ਵਿੱਚ 24" ਡਾਇਆ ਦੀ ਸੀਵਰ ਲਾਈਨ ਦੇ ਹਿਸਾਬ ਨਾਲ ਤਖਮੀਨਾ ਤਿਆਰ ਕੀਤਾ ਗਿਆ ਸੀ ਪਰੰਤੂ ਮੌਕੇ ਤੇ ਕੰਮ ਸ਼ੁਰੂ ਕਰਨ ਵਕਤ ਸੀਵਰ ਲਾਈਨ ਦਾ ਸਾਇਜ 42" ਡਾਇਆ ਪਾਇਆ ਗਿਆ, ਜਿਸ ਦੀ ਪੁਸ਼ਟੀ ਮਹਿਕਮਾਂ ਪੰਜਾਬ ਵਾਟਰ ਸਪਲਾਈ ਅਤੇ ਸੀਰਵੇਜ਼ ਬੋਰਡ ਤੋਂ ਪ੍ਰਾਪਤ ਸਾਇਟ ਪਲਾਨ ਅਨੁਸਾਰ ਕੀਤੀ ਗਈ ਹੈ। ਇਸ ਲਈ ਉਪਰੋਕਤ ਕੰਮ ਕਰਵਾਉਣ ਲਈ 42" ਡਾਇਆ ਸੀਵਰ ਸਾਇਜ ਅਨੁਸਾਰ ਇੱਕ ਰੀਵਾਇਜਡ ਤਖਮੀਨਾ ਰੁਪਏ 23,10,987/- ਦਾ ਤਿਆਰ ਕੀਤਾ ਗਿਆ ਹੈ ਜੋ ਕਿ ਵਿੱਤ ਅਤੇ ਠੇਕਾ ਕਮੇਟੀ ਵਲੋਂ ਪਹਿਲਾਂ ਪ੍ਰਵਾਨ ਕੀਤਾ ਤਖਮੀਨਾ ਰੁਪਏ 18,26,950/- ਦੇ 25% ਵੇਰੀਏਸ਼ਨ ਵਿੱਚ ਆਉਂਦਾ ਹੈ। ਇਸ ਲਈ ਸੋਧੇ ਹੋਏ ਤਖਮੀਨੇ ਵਿੱਚ 25% ਵਾਧਾ ਕਰਨ ਦੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰੂਰਵ ਪ੍ਰਵਾਨੱਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਇਸ ਕੰਮ ਦੀ ਮਿਆਦ ਮਾਰਚ 2020 ਤੱਕ ਵਧਾਉਣ ਦੀ ਵੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 13.2.2020 ਰਾਹੀਂ ਲਿਖਿਆ ਹੈ ਕਿ ਉਪਰੋਕਤ ਕੰਮ ਕਰਵਾਉਣਾ ਅਤੀ ਜਰੂਰੀ ਹੈ। ਇਸ ਲਈ ਸੋਧੇ ਗਏ ਤਖਮੀਨੇ ਅਨੁਸਾਰ 25% ਦੀ ਵੇਰੀਏਸ਼ਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਹਿਤ ਪੇਸ਼ ਹੈ। ਕਮਿਸ਼ਨਰ ਜੀ ਨੇ ਮਿਤੀ 20.2.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਮਿਤੀ 3.3.2020 ਨੂੰ ਇਸ ਦੀ ਮੰਜੂਰੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020

**ਮਤਾ ਨੰਬਰ:-62**

ਵਿਸ਼ਾ:- ਨਿਊ ਰਸੀਲਾ ਨਗਰ ਨਜਦੀਕ ਆਸ਼ਰਮ ਵਿਖੇ ਲਗਾਏ ਜਾਣ ਵਾਲੇ ਟਿਊਬਵੈਲ ਦੀ ਸਾਇਟ ਚੇਂਜ ਕਰਨ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 2.3.2020 ਕਿ ਉਪਰੋਕਤ ਵਿਸ਼ੇ ਅਧੀਨ ਵਾਰਡ ਨੰਬਰ 45 (ਪੁਰਾਣਾ ਵਾਰਡ) ਦੇ ਇਲਾਕਾ ਨਿਊ ਰਸੀਲਾ ਨਗਰ ਨਜਦੀਕ ਆਸ਼ਰਮ ਵਿਖੇ ਟਿਊਬਵੈਲ ਲਗਾਉਣ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 179(101) ਮਿਤੀ 05.12.2016 ਰਾਹੀਂ ਦਿੱਤੀ ਗਈ ਸੀ। ਪਹਿਲੀ ਵਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 09.06.2017 ਰਾਹੀਂ ਮੰਗੇ ਗਏ ਸਨ ਪਰੰਤੂ ਕਿਸੇ ਵੀ ਠੇਕੇਦਾਰ ਵਲੋਂ ਟੈਂਡਰ ਵਿੱਚ ਹਿਸਾ ਨਹੀਂ ਲਿਆ ਗਿਆ। ਦੂਜੀ ਵਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 15.06.2017 ਰਾਹੀਂ ਗਏ ਤੇ ਤਿੰਨ ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਦੀਆਂ ਤਕਨੀਕੀ ਬਿਡਾਂ ਮਿਆਰ ਤੇ ਪੂਰੀਆਂ ਸਨ। ਇਸ ਲਈ ਇਨ੍ਹਾਂ ਅਜੰਸੀਆਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਮੈਸ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ, ਜਲੰਧਰ ਦੇ ਟੈਂਡਰ ਰੇਟ ਘੱਟ ਪਾਏ ਗਏ, ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 53 ਮਿਤੀ 22.09.2017 ਰਾਹੀਂ ਪ੍ਰਵਾਨ ਕੀਤਾ ਗਿਆ। ਇਸ ਉਪਰੰਤ ਅਜੰਸੀ ਨਾਲ ਵਰਕ ਇਕਰਾਰਨਾਮਾ ਕਰਨ ਉਪਰੰਤ ਇਸ ਦਫਤਰ ਵਲੋਂ ਵਰਕ ਆਰਡਰ ਨੰਬਰ ਸੀ.ਈ/ਈ.ਟੀ/57 ਮਿਤੀ 30.11.2017 ਜਾਰੀ ਕੀਤਾ ਗਿਆ ਸੀ ਪਰੰਤੂ ਤਖਮੀਨੇ ਵਿੱਚ ਲਈ ਗਈ ਸਾਇਟ ਤੇ ਕੰਮ ਸ਼ੁਰੂ ਕਰਵਾਉਣ ਤੋਂ ਪਹਿਲਾਂ ਆਸ-ਪਾਸ ਦੇ ਲੋਕਾਂ ਵਲੋਂ ਉਸ ਜਗ੍ਹਾ ਤੇ ਬੋਰ ਕਰਵਾਉਣ ਦਾ ਵਿਰੁੱਧ ਕੀਤਾ ਗਿਆ, ਜਿਸ ਕਾਰਨ ਇਹ ਕੰਮ ਮੌਕੇ ਤੇ ਸ਼ੁਰੂ ਨਹੀਂ ਹੋ ਸਕਿਆ।

ਹੁਣ ਸ਼੍ਰੀ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਜਲੰਧਰ ਵੈਸਟ ਜੀ ਵਲੋਂ ਆਪਣੇ ਪੱਤਰ ਰਾਹੀਂ ਲਿਖਿਆ ਹੈ ਕਿ ਉਨ੍ਹਾਂ ਦੇ ਹਲਕੇ ਅਧੀਨ ਪੈਂਦੇ ਇੰਦਰ ਇੰਡਸਟਰੀ ਦੇ ਪਿਛਲੇ ਪਾਸੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਬਹੁਤ ਜਿਆਦਾ ਕਿਲਤ ਹੈ, ਇਸ ਲਈ ਵਾਰਡ ਨੰਬਰ 74 (ਨਵਾਂ ਵਾਰਡ) ਨਿਊ ਰਸੀਲਾ ਨਗਰ ਨਜਦੀਕ ਆਸ਼ਰਮ ਵਿਖੇ ਲਗਾਏ ਜਾਣ ਵਾਲੇ ਟਿਊਬਵੈਲ ਦੀ ਸਾਇਟ ਬਦਲ ਕੇ ਇਸ ਨੂੰ ਇੰਦਰ ਇੰਡਸਟਰੀ ਦੇ ਪਿਛਲੇ ਪਾਸੇ ਲਗਵਾਇਆ ਜਾਵੇ ਤਾਂ ਜ਼ੋ ਇਥੋਂ ਦੇ ਵਸਨੀਕਾਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਦਿੱਤੀ ਜਾ ਸਕੇ। ਇਸ ਲਈ ਮਾਨਯੋਗ ਵਿਧਾਇਕ ਜੀ ਵਲੋਂ ਮਿਲੇ ਹੁਕਮਾਂ ਅਨੁਸਾਰ ਨਿਊ ਰਸੀਲਾ ਨਗਰ ਨਜਦੀਕ ਆਸ਼ਰਮ ਵਿਖੇ ਲਗਾਏ ਜਾਣ ਵਾਲੇ ਟਿਊਬਵੈਲ ਦੀ ਸਾਇਟ ਚੇਂਜ ਕਰਕੇ ਇੰਦਰ ਇੰਡਸਟਰੀ ਦੇ ਪਿਛਲੇ ਪਾਸੇ ਲਗਾਉਣ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਰੱਖਣ ਲਈ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 2.3.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 2.3.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 3.3.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020

**ਮਤਾ ਨੰਬਰ:-63**

ਵਿਸ਼ਾ:- ਟਰਾਂਸਪੋਰਟ ਨਗਰ (ਰਿਪਲੇਸਮੇਂਟ) ਵਿਖੇ ਲਗਾਏ ਜਾਣ ਵਾਲੇ ਰਿਗ ਬੋਰ ਟਿਊਬਵੈਲ ਦੀ ਸਾਈਟ ਚੇਂਜ ਕਰਕੇ ਬੇਅੰਤ ਸਿੰਘ ਪਾਰਕ ਵਿਖੇ ਲਗਾਉਣ ਸਬੰਧੀ। ਵਾਰਡ ਨੰਬਰ 3

ਪੜਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ.ਐ) ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਸਿਫਾਰਸ਼ ਕੀਤੀ ਹੈ ਕਿ ਟਰਾਸਪੋਰਟ ਨਗਰ ਵਿਖੇ ਰਿਪਲੇਸਮੇਂਟ ਦਾ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 18,98,722/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 179(43) ਮਿਤੀ 05.12.2016 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਐਨ.ਆਈ.ਟੀ ਨੰਬਰ 35 ਮਿਤੀ 16.05.2017 ਰਾਹੀਂ ਸੁਸਾਇਟੀਆਂ ਕੋਲੋਂ ਮਿਤੀ 09.06.2017 ਲਈ ਮੰਗੇ ਗਏ ਸਨ ਪਰੰਤੂ ਕਿਸੇ ਵੀ ਸੁਸਾਇਟੀ ਨੇ ਟੈਂਡਰਾ ਵਿੱਚ ਹਿਸਾ ਨਹੀਂ ਲਿਆ। ਠੇਕੇਦਾਰਾਂ ਕੋਲੋਂ ਟੈਂਡਰ ਮਿਤੀ 15.06.2017 ਰਾਹੀਂ ਮੰਗੇ ਗਏ। ਇਸ ਕੰਮ ਲਈ 6 ਟੈਂਡਰ ਪ੍ਰਾਪਤ ਹੋਏ ਸਨ, ਜਿਨ੍ਹਾਂ ਵਿਚੋਂ ਘੱਟ ਰੇਟਾਂ ਦਾ ਟੈਂਡਰ ਮੈਸ: ਭਾਗਵਤ ਇੰਜੀਨੀਅਰ ਐਂਡ ਕੰਟਰੈਕਟਰ ਜਲੰਧਰ ਦਾ ਪਾਇਆ ਗਿਆ ਸੀ, ਜਿਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 32 ਮਿਤੀ 22.09.2017 ਰਾਹੀਂ ਦਿੱਤੀ ਗਈ ਸੀ।

ਸਰਕਾਰ ਵਲੋਂ ਐਸ.ਐਸ ਫਿਲਟਰ ਦੇ ਰੇਟ ਘਟਾਏ ਜਾਣ ਤੇ ਅਜੰਸੀ ਦੀ ਸਹਿਮਤੀ ਉਪਰੰਤ ਘੱਟ ਰੇਟਾਂ ਅਨੁਸਾਰ ਇਕਰਾਰਨਾਮਾ ਕਰਨ ਉਪਰੰਤ ਵਰਕ ਆਰਡਰ ਨੰਬਰ ਸੀ.ਈ/ਈ.ਟੀ/47 ਮਿਤੀ 30.11.2017 ਜਾਰੀ ਕੀਤਾ ਗਿਆ ਅਤੇ ਕੰਮ ਮੁਕੰਮਲ ਕਰਨ ਲਈ 4 ਮਹੀਨੇ ਦਾ ਸਮਾਂ ਦਿੱਤਾ ਗਿਆ।

ਇਸ ਉਪਰੰਤ ਮੋਕੇ ਤੇ ਇਸ ਟਿਊਬਵੈਲ ਦਾ ਕੰਮ ਸ਼ੁਰੂ ਨਹੀਂ ਕੀਤਾ ਜਾ ਸਕਿਆ। ਵਾਰਡ ਨੰਬਰ 3 ਦੀ ਕੌਂਸਲਰ ਸ਼੍ਰੀਮਤੀ ਰਿਸ਼ਾ ਸੈਣੀ ਵਲੋਂ ਆਪਣੇ ਪੱਤਰ ਮਿਤੀ 06.06.2018 ਰਾਹੀਂ ਲਿਖਿਆ ਕਿ ਬੇਅੰਤ ਸਿੰਘ ਪਾਰਕ ਵਿਖੇ ਪੁਰਾਣਾ ਚੱਲ ਰਿਹਾ ਟਿਊਬਵੈਲ ਫੇਲ ਹੋ ਗਿਆ ਹੈ, ਜਿਸ ਕਾਰਨ ਇਥੋਂ ਦੇ ਵਸਨੀਕਾਂ ਨੂੰ ਪੀਣ ਵਾਲੇ ਪਾਣੀ ਦੀ ਕਾਫੀ ਸਮਸਿਆ ਪੇਸ਼ ਆ ਰਹੀ ਹੈ। ਇਸ ਲਈ ਟਰਾਂਸਪੋਰਟ ਨਗਰ ਵਾਲਾ ਅਲਾਟ ਟਿਊਬਵੈਲ ਬੇਅੰਤ ਸਿੰਘ ਪਾਰਕ ਵਿਖੇ ਲਗਵਾ ਦਿੱਤਾ ਜਾਵੇ ਤਾਂ ਜ਼ੋ ਇਲਾਕਾ ਨਿਵਾਸੀਆਂ ਨੂੰ ਪੀਣ ਵਾਲਾ ਪਾਣੀ ਮੁਹਈਆ ਹੋ ਸਕੇ। ਇਸ ਦੇ ਸਬੰਧ ਵਿੱਚ ਹਲਕਾ ਵਿਧਾਇਕ ਸ਼੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਜੀ ਵਲੋਂ ਵੀ ਟਰਾਂਸਪੋਰਟ ਨਗਰ ਟਿਊਬਵੈਲ ਦੀ ਸਾਇਟ ਸਿਫਟ ਕਰਕੇ ਬੇਅੰਤ ਸਿੰਘ ਪਾਰਕ ਵਿਖੇ ਲਗਾਉਣ ਲਈ ਕਿਹਾ ਗਿਆ। ਕਾਰਜਕਾਰੀ ਇੰਜੀਨੀਅਰ ਵਲੋਂ ਮੋਕਾ ਵੇਖਣ ਉਪਰੰਤ ਮਿਤੀ 06.06.2018 ਨੂੰ ਰਿਪੋਰਟ ਕੀਤੀ ਗਈ ਕਿ ਬੇਅੰਤ ਸਿੰਘ ਪਾਰਕ ਵਿਖੇ ਪੁਰਾਣਾ ਟਿਊਬਵੈਲ ਫੇਲ ਹੋ ਗਿਆ ਹੈ, ਜਿਸ ਕਾਰਨ ਇਥੋਂ ਦੇ ਲੋਕਾਂ ਨੂੰ ਪਾਣੀ ਨਹੀਂ ਮਿਲ ਰਿਹਾ ਹੈ। ਇਸ ਲਈ ਇਥੇ ਟਿਊਬਵੈਲ ਲਗਾਉਣਾ ਅਤਿ ਜਰੂਰੀ ਹੈ। ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬ ਜੀ ਦੀ ਮੰਗ ਅਨੁਸਾਰ ਟਰਾਂਸਪੋਰਟ ਨਗਰ ਵਿਖੇ ਲਗਾਏ ਜਾਣ ਵਾਲੇ ਟਿਊਬਵੈਲ ਦੀ ਸਾਇਟ ਸਿਫਟ ਕਰਕੇ ਬੇਅੰਤ ਸਿੰਘ ਪਾਰਕ ਵਿਖੇ ਲਗਾਉਣ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਭੇਜਿਆ ਗਿਆ। ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 97 ਮਿਤੀ 11.07.2018 ਰਾਹੀਂ ਪ੍ਰਵਾਨ ਕੀਤਾ ਗਿਆ।

ਇਸ ਉਪਰੰਤ ਠੇਕੇਦਾਰ ਤੋਂ ਟਰਾਂਸਪੋਰਟ ਨਗਰ ਵਿਖੇ ਲਗਾਏ ਜਾਣ ਵਾਲੇ ਟਿਊਬਵੈਲ ਦੀ ਜਗ੍ਹਾ ਬੇਅੰਤ ਸਿੰਘ ਪਾਰਕ ਵਿਖੇ ਟਿਊਬਵੈਲ ਲਗਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ। ਠੇਕੇਦਾਰ ਨੂੰ ਕੁੱਝ ਕੰਮ ਕਰਨ ਉਪਰੰਤ ਉਸ ਦੇ ਪਹਿਲੇ ਬਿਲ ਦੀ ਅਦਾਇਗੀ ਕਰ ਦਿੱਤੀ ਗਈ ਸੀ। ਠੇਕੇਦਾਰ ਨੂੰ ਕੰਮ ਮੁੰਕਮਲ ਕਰਨ ਅਤੇ ਟਿਊਬਵੈਲ ਚੱਲਣ ਉਪਰੰਤ ਦੂਜੇ ਅਤੇ ਅੰਤਿਮ ਬਿਲ ਦੀ ਅਦਾਇਗੀ ਕਰਨ ਲਈ ਬਿਲ ਡੀ.ਸੀ.ਐਫ.ਏ, ਲੇਖਾ ਸ਼ਾਖਾ ਨੂੰ ਭੇਜਿਆ ਗਿਆ। ਉਨ੍ਹਾਂ ਵਲੋਂ ਇਸ ਬਿਲ ਤੇ ਇਹ ਇਤਰਾਜ ਲਗਾ ਕੇ ਪਾਸ ਕੀਤਾ ਗਿਆ ਕਿ ਨਵੀਂ ਜਗ੍ਹਾ ਤੇ ਲਗਣ ਵਾਲੇ ਟਿਊਬਵੈਲ ਦਾ ਤਖਮੀਨਾ ਨਗਰ ਨਿਗਮ ਹਾਊਸ ਵਿਚੋਂ ਪਾਸ ਕਰਵਾ ਕੇ ਟੈਂਡਰ ਲਗਾਉਣ ਉਪਰੰਤ ਠੇਕੇਦਾਰ ਨੂੰ ਨਵਾਂ ਵਰਕ ਆਰਡਰ ਜਾਰੀ ਕਰਨ ਉਪਰੰਤ ਕੰਮ ਕਰਵਾਇਆ ਜਾਣਾ ਬਣਦਾ ਹੈ। ਇਸ ਲਈ ਇਸ ਸਬੰਧੀ ਅੰਤਿਮ ਫੈਸਲਾ ਲੈਣ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020

ਮਤਾ ਨੰਬਰ:-64

ਵਿਸ਼ਾ:- ਜਨਤਾ ਕਲੋਨੀ ਮੇਨ ਰੋਡ ਤੋ ਵਿੱਧੀ ਪੁਰ ਮੇਨ ਰੋਡ ਤੱਕ ਨਵੀਆਂ ਐਲ.ਈ.ਡੀ 60 ਵਾਟ ਦੀਆਂ ਲਾਇਟਾਂ ਲਗਾਉਣ ਬਾਰੇ। ਵਾਰਡ ਨੰ: 80 (ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 2,13,400/- ਟੈਂਡਰ ਮੰਗੇ ਰੁਪਏ: 2,13,400/-
ਕੁੱਲ ਪ੍ਰਾਪਤ ਵੈਲਿਡ ਟੈਂਡਰ = 3 (ਪਹਿਲੀ ਬਾਰੀ)
ਟੈਂਡਰ ਅਮਾਉਂਟ ਰੁਪਏ: 1,96,114/- ਸੇਵਿੰਗ 8.10%
ਅਜੰਸੀ ਦਾ ਨਾਮ:- ਮੈਸਰਜ਼ ਜਗਦੀਸ਼ ਇਲੈਕਟ੍ਰਿਕਲ ਵਰਕਸ ਰਈਆ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ ਮਿਤੀ 28.1.2020 ਕਿ ਮਾਨਯੋਗ ਜੁਨੀਅਰ ਅਵਤਾਰ ਸਿੰਘ ਹੈਨਰੀ ਜੀ ਐਮ.ਐਲ.ਏ (ਨਾਰਥ) ਵੱਲੋਂ ਜੁਬਾਨੀ ਹੁਕਮਾਂ ਅਨੁਸਾਰ ਕਿਹਾ ਕਿ ਉਹਨਾ ਦੇ ਵਾਰਡ ਵਿੱਚ ਪੈਂਦੇ ਇਲਾਕੇ ਜਨਤਾ ਕਲੌਨੀ ਮੇਨ ਰੋਡ ਤੋ ਵਿੱਧੀਪੁਰ ਮੇਨ ਰੋਡ ਤੇ ਨਵੀਆਂ ਐਲ.ਈ.ਡੀ 60 ਵਾਟ ਲਾਇਟਾਂ ਲਗਾਉਣ ਬਾਰੇ ਕਿਹਾ ਹੈ। ਇਸ ਇਲਾਕੇ ਵਿੱਚ ਲਾਇਟਾਂ ਨਾ ਹੋਣ ਕਾਰਨ ਮੁੱਹਲਾ ਨਿਵਾਸੀਆਂ ਨੂੰ ਕਾਫੀ ਮੁਸ਼ਕਿਲ ਦਾ ਸਾਮਨਾ ਕਰਨਾ ਪੈ ਰਿਹਾ ਹੈ। ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਇਲਾਕੇ ਦਾ ਸਰਵੇ ਕਰਵਾਇਆ ਗਿਆ, ਇਹਨਾਂ ਇਲਾਕਿਆਂ ਵਿੱਚ ਨਵੀਆਂ ਐਲ.ਈ.ਡੀ 60 ਵਾਟ ਦੀਆਂ ਲਾਇਟਾਂ ਲਗਾਊਣੀਆਂ ਜਰੂਰੀ ਹਨ। ਇਹਨਾ ਲਾਇਟਾਂ ਨੂੰ ਲਗਾਊਣ ਲਈ ਤਖਮੀਨਾ ਰੁਪਏ 2,13,400/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 112(3) ਮਿਤੀ 29-11-19 ਰਾਹੀਂ ਦਿੱਤੀ ਸੀ।

ਪਹਿਲੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 10.01.2020 ਤੱਕ ਮੰਗੇ ਗਏ, ਮਿਥੇ ਸਮੇ ਤੇ ਸੁਸਾਈਟੀਆਂ ਵੱਲੋਂ ਇਸ ਕੰਮ ਦਾ ਟੈਂਡਰ ਨਹੀ ਪਾਇਆ ਗਿਆ ਅਤੇ ਠੇਕੇਦਾਰਾਂ ਕੋਲੋ ਮਿਤੀ 20.01.2020 ਲਈ ਮੰਗੇ ਗਏ ਸਨ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡ ਮਿਆਰ ਪਖੋ ਪੂਰੀਆਂ ਸਨ। ਇਸ ਲਈ ਇਹਨਾ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਠੇਕੇਦਾਰ ਨੇ 8.10% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 2,13,400/- ਦੇ ਵਿਰੁੱਧ ਰੁਪਏ 1,96,114/- ਵਿੱਚ ਕਰੇਗਾ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 28.01.2020 ਰਾਹੀਂ ਟੈਂਡਰ ਪ੍ਰਵਾਨਗੀ ਵਾਸਤੇ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਮੇਅਰ ਜੀ ਨੇ ਇਸ ਟੈਂਡਰ ਸਬੰਧੀ ਕਮੈਂਟਸ ਮੰਗੇ ਗਏ ਜਿਸ ਤੇ ਕਮਿਸ੍ਨਰ ਜੀ ਨੇ ਮਿਤੀ 7.2.2020 ਰਾਹੀਂ ਲਿਖਿਆ ਹੈ ਕਿ LED tender has already been floated. It may not be considered.

ਮਾਨਯੋਗ ਮੇਅਰ ਜੀ ਨੇ ਹੁਕਮ ਮਿਤੀ 12.02.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।
ਸਹੀ/- ਜਗਦੀਸ੍ ਰਾਜ ਰਾਜਾ, ਮੇਅਰ
29.5.2020

**ਮਤਾ ਨੰਬਰ:-65**

ਵਿਸ਼ਾ:- ਜੇ.ਸੀ.ਬੀ ਮਸ਼ੀਨਾਂ ਨੂੰ ਚਲਾਉਣ ਵਾਸਤੇ ਓਪਰੇਸ਼ਨ ਕੰਟਰੈਕਟ ਕਰਨ ਦੇ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਮਿਤੀ 14.4.2020 ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸੇ ਅਧੀਨ ਕੰਮ ਕਰਵਾਉਣ ਲਈ ਤਖਮੀਨਾ ਰੁਪਏ 26,40,417/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਆਪਣੇ ਆਪਣੇ ਮਤਾ ਨੰਬਰ 43 ਮਿਤੀ 25-06-2018 ਰਾਹੀਂ ਦਿੱਤੀ ਗਈ। ਇਸ ਤਖਮੀਨੇ ਵਿੱਚ 14 ਜੇ.ਸੀ.ਬੀ ਓਪਰੇਟਰ ਇੱਕ ਸਾਲ ਵਾਸਤੇ ਆਊਟ ਸੋਰਸ ਤੇ ਰੱਖਣ ਦੀ ਪ੍ਰੋਵੀਜਨ ਕੀਤੀ ਗਈ ਸੀ। ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਆਪਣੇ ਪੱਤਰ ਨੰਬਰ 38187 ਮਿਤੀ 10-07-2018 ਰਾਹੀਂ ਦਿੱਤੀ ਗਈ। ਪਹਿਲੀ ਵਾਰ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ ਸਿਸਟਮ ਅਧੀਨ ਠੇਕੇਦਾਰ ਤੋਂ ਮਿਤੀ 29-10-2018 ਲਈ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਦੂਜੀ ਵਾਰ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 11-12-2018 ਲਈ ਮੰਗੇ ਗਏ ਪਰੰਤੂ ਫਿਰ ਵੀ ਕੋਈ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਤੀਸਰੀ ਵਾਰ ਇਸ ਕੰਮ ਦੇ ਟੈਂਡਰ ਮਿਤੀ 11-01-2019 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਮੈਸ: ਆਕਾਸ਼ ਕੰਟਰੈਕਟਰ, ਠੇਕੇਦਾਰ ਦਾ ਪ੍ਰਾਪਤ ਹੋਇਆ ਜੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰਾ ਸੀ। ਅਜੰਸੀ ਵਲੋਂ 0.25% ਦੀ ਸੇਵਿੰਗ ਨਾਲ ਤਖਮੀਨਾ ਰੁਪਏ 26,40,417/- ਦੇ ਵਿਰੁੱਧ ਰੁਪਏ 26,33,816/- ਵਿੱਚ ਕੰਮ ਕਰਨਾ ਸੀ। ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 55 ਮਿਤੀ 01-03-2019 ਰਾਹੀਂ ਦਿੱਤੀ ਗਈ।

ਅਜੰਸੀ ਨਾਲ ਇਕਰਾਰਨਾਮਾ ਕਰਨ ਉਪਰੰਤ ਵਰਕ ਆਰਡਰ ਨੰਬਰ 144/Supdt.(W) ਮਿਤੀ 08-03-2019 ਜਾਰੀ ਕੀਤਾ ਗਿਆ ਤੇ ਉਪਰੋਕਤ ਕੰਮ ਵਾਸਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ। ਇਹ ਕੰਮ ਹੁਣ ਮਿਤੀ 07.03.2020 ਨੂੰ ਖਤਮ ਚੁੱਕਾ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਉਪਰੋਕਤ ਕੰਮ ਵਾਸਤੇ ਬ੍ਰਾਂਚ ਵਲੋਂ ਅਗਲਾ ਸਾਲਾਨਾ ਤਖਮੀਨਾ ਪਹਿਲਾਂ ਹੀ ਤਿਆਰ ਕਰਕੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 148 ਮਿਤੀ 24.12.2019 ਰਾਹੀਂ ਪ੍ਰਵਾਨ ਕੀਤਾ ਗਿਆ ਹੈ ਅਤੇ ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਵਲੋਂ ਆਉਣੀ ਬਾਕੀ ਹੈ। ਇਸ ਉਪਰੰਤ ਇਸ ਕੰਮ ਦੇ ਟੈਂਡਰ ਪਹਿਲੀ ਵਾਰ ਮਿਤੀ 03.02.2020 ਰਾਹੀਂ ਲਗਾ ਕੇ ਮਿਤੀ 28.02.2020 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਪ੍ਰਾਪਤ ਹੋਇਆ। ਦੂਸਰੀ ਵਾਰ ਇਸ ਕੰਮ ਦੇ ਟੈਂਡਰ ਮਿਤੀ 06.03.2020 ਰਾਹੀਂ ਲਗਾ ਕੇ ਮਿਤੀ 23.03.2020 ਲਈ ਮੰਗੇ ਗਏ ਤੇ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਹੁਣ ਤੀਸਰੀ ਵਾਰ ਇਸ ਕੰਮ ਦੇ ਟੈਂਡਰ ਮਿਤੀ 31.03.2020 ਰਾਹੀਂ ਲਗਾਏ ਗਏ ਪਰੰਤੂ ਇਸ ਦੋਰਾਨ ਕਰੋਨਾ ਵਾਇਰਸ ਕਾਰਨ ਪੂਰੇ ਦੇਸ਼ ਵਿੱਚ ਲੋਕ ਡਾਊਨ ਹੋਣ ਕਰਕੇ ਦਫਤਰੀ ਕੰਮ ਕਾਜ ਕਾਫੀ ਹੱਦ ਤੱਕ ਪ੍ਰਭਾਵਿਤ ਹੋ ਗਏ ਹਨ, ਜਿਸ ਕਾਰਨ ਸਥਾਨਕ ਸਰਕਾਰ ਵਿਭਾਗ ਪੰਜਾਬ ਵਲੋਂ ਮਿਲੀਆਂ ਹਦਾਇਤਾਂ ਅਨੁਸਾਰ ਇਸ ਕੰਮ ਦੇ ਟੈਂਡਰਾਂ ਦਾ ਸਮਾਂ ਮਿਤੀ 04.05.2020 ਤੱਕ ਵੱਧਾ ਦਿੱਤਾ ਗਿਆ ਹੈ। ਕਿਉਂ ਜੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਰੋਕੇ ਨਹੀਂ ਜਾ ਸਕਦੇ, ਇਸ ਲਈ ਪੁਰਾਣੇ ਤਖਮੀਨੇ ਦੀ ਮਿਆਦ ਵਿੱਚ 25% ਵਾਧਾ ਕਰਦੇ ਹੋਏ ਮਿਤੀ 08.03.2020 ਤੋਂ ਅਗਲੇ 3 ਮਹੀਨੇ ਵਧਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰੂਵ ਪ੍ਰਵਾਨੱਗੀ ਦੀ ਆਸ ਤੇ ਮੰਜੂਰੀ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।ਉਪਰੋਕਤ ਅਨੁਸਾਰ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਕਮਿਸ਼ਨਰ ਜੀ ਨੇ ਮਿਤੀ 17.4.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਨੇ ਮਿਤੀ 18.4.2020 ਰਾਹੀਂ ਇਸ ਤਜਵੀਜ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020

**ਮਤਾ ਨੰਬਰ:-66**

ਵਿਸ਼ਾ:- ਵਰਿਆਣਾ ਡੰਪ ਵਾਸਤੇ 2 ਨੰਬਰ ਹੈਵੀ ਅਰਥ ਮੂਵਰਜ ਵਹੀਕਲ (ਡੋਜਰ ਮਸ਼ੀਨ) ਕਿਰਾਏ ਤੇ ਲੈਣ ਬਾਰੇ।

ਪੜ੍ਹਿਆ ਨੋਟ ਹੈਲਥ ਅਫਸਰ ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਿਫ਼ਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਵਰਿਆਣਾ ਡੰਪ ਵਿਖੇ ਕੂੜੇ ਦੀ ਸਾਂਭ-ਸਭਾਲ ਵਾਸਤੇ 2 ਨੰਬਰ ਹੈਵੀ ਅਰਥ ਮੂਵਰਜ ਵਹੀਕਲ (ਡੋਜਰ ਮਸ਼ੀਨ) ਇੱਕ ਸਾਲ ਵਾਸਤੇ ਕਿਰਾਏ ਤੇ ਲੈਣ ਲਈ ਤਖਮੀਨਾ ਰੁਪਏ 70,52,000/- ਦਾ ਹੈਲਥ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਸੀ। ਇਸ ਤਖਮੀਨੇ ਦੀ ਇਨ ਐਂਟੀਸੀਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਆਪਣੇ ਹੁਕਮ ਮਿਤੀ 07.01.2020 ਰਾਹੀਂ ਦਿੱਤੀ ਗਈ ਸੀ। ਇਸ ਕੰਮ ਲਈ ਵਿਸਥਾਰਪੂਰਵਕ ਐਨ.ਆਈ.ਟੀ ਤਿਆਰ ਕਰਕੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਟਜ ਸਿਸਟਮ ਅਧੀਨ ਠੇਕੇਦਾਰਾਂ ਤੋਂ ਮਿਤੀ 07.02.2019 ਲਈ ਮੰਗੇ ਗਏ ਪਰੰਤੂ ਇਹ ਟੈਂਡਰ ਤਕਨੀਕੀ ਪਖੋਂ ਮਿਆਰ ਤੇ ਪੂਰੇ ਨਾ ਹੋਣ ਕਾਰਨ ਰੱਦ ਕਰ ਦਿੱਤੇ ਗਏ। ਦੂਜੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਰੀਂ ਮਿਤੀ 02.03.2020 ਲਈ ਮੰਗੇ ਗਏ ਤੇ ਤਿੰਨ ਟੈਂਡਰ ਪ੍ਰਾਪਤ ਹੋਏ ਜੋ ਕਿ ਤਕਨੀਕੀ ਪਖੋਂ ਮਿਆਰ ਤੇ ਪੂਰੇ ਸਨ। ਇਨ੍ਹਾਂ ਦੀ ਤੁਲਨਾਤਮਕ ਸੂਚੀ ਤਿਆਰ ਕਰਨ ਤੇ ਘੱਟ ਰੇਟ ਦਾ ਟੈਂਡਰ ਮੈਸ: ਗੋਰਵ ਗੁਪਤਾ, ਠੇਕੇਦਾਰ ਦਾ ਪਾਇਆ ਗਿਆ, ਜਿਸ ਨੇ ਟੈਂਡਰ ਵਿੱਚ 23.85% ਦੀ ਸੇਵਿੰਗ ਪਾਈ ਹੈ, ਜਿਸ ਅਨੁਸਾਰ ਠੇਕੇਦਾਰ ਵਲੋਂ ਵਿਸ਼ੇ ਅਧੀਨ ਕੰਮ ਤਖਮੀਨਾ ਰੁਪਏ 70,52,000/- ਦੇ ਵਿਰੁੱਧ ਰੁਪਏ 53,70,098/- ਵਿੱਚ ਕਰਨਾ ਹੈ।

ਕਿਉਂ ਜੋ ਸਥਾਨਕ ਸਰਕਾਰ ਦੀਆਂ SOP ਦੀਆਂ ਸ਼ਰਤਾ ਅਨੁਸਾਰ ਰੁਪਏ 50.00 ਲੱਖ ਤੋਂ ਉਪਰ ਦੇ ਕੰਮਾਂ ਦੀ ਵਿੱਤੀ ਪ੍ਰਵਾਨਗੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਤੋਂ ਲੈਣੀ ਜਰੂਰੀ ਹੁੰਦੀ ਹੈ। ਇਸ ਲਈ ਉਪਰੋਕਤ ਕੰਮ ਦਾ ਤਖਮੀਨਾ ਰੁਪਏ 50.00 ਲੱਖ ਤੋਂ ਜਿਆਦਾ ਦਾ ਹੋਣ ਕਾਰਨ ਇਸ ਦਫਤਰ ਵਲੋਂ ਪੱਤਰ ਨੰਬਰ 256/ਸੀ.ਈ/ਡਬਲਯੂ.ਐਸ/ਜੀ ਮਿਤੀ 30.03.2020 ਰਾਹੀਂ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਟੈਂਡਰ ਦੀ ਵਿੱਤੀ ਪ੍ਰਵਾਨਗੀ ਦੇਣ ਲਈ ਲਿਖਿਆ ਗਿਆ ਸੀ।

ਇਸ ਉਪਰੰਤ ਚੀਫ ਇੰਜੀਨੀਅਰ ਜੀ ਵਲੋਂ ਆਪਣੇ ਪੱਤਰ ਨੰਬਰ ਸੀ.ਈ-2020/17496 ਮਿਤੀ 16.04.2020 ਰਾਹੀਂ Comparative Statement ਦੀ ਵੈਟਿੰਗ ਕਰਦੇ ਹੋਏ ਤਖਮੀਨਾ ਰੁਪਏ 70,52,000/- ਦੇ ਵਿਰੁੱਧ ਰੁਪਏ 53,70,098/- ਦੀ ਟੈਂਡਰ ਦੀ ਵੈਟਿੰਗ ਕੀਤੀ ਗਈ ਹੈ। ਕਿਉਂ ਜੋ ਪਿਛਲਾ ਤਖਮੀਨਾ ਖਤਮ ਹੋ ਚੁੱਕਾ ਹੈ ਅਤੇ ਇਹ ਕੰਮ ਲੋਕ ਹਿੱਤ ਵਿੱਚ ਤੁਰੰਤ ਸ਼ੁਰੂ ਕਰਵਾਉਣਾ ਅਤਿ ਜਰੂਰੀ ਹੈ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਟੈਂਡਰ ਦੀ ਅੰਤਿਮ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਕਮਿਸ਼ਨਰ ਜੀ ਨੇ ਮਿਤੀ 15.5.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਨੇ ਮਿਤੀ 15.5.2020 ਰਾਹੀਂ ਇਸ ਤਜਵੀਜ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020

**ਮਤਾ ਨੰਬਰ:-67**

ਵਿਸ਼ਾ:- ਸਾਲ 2018-19 ਅਤੇ ਸਾਲ 2019-20 ਫਾਇਰ ਬ੍ਰਿਗੇਡ ਸਟਾਫ ਨੂੰ ਠੰਡੀ ਵਰਦੀ ਸਮੇਤ ਹੋਰ ਆਈਟਮਾਂ ਦੇਣ ਸਬੰਧੀ।

ਤਖਮੀਨਾਂ ਰੁਪਏ 3,81,000- ਟੈਂਡਰ ਅਮਾਉਂਟ 3,00,152/- ਸੇਵਿੰਗ 21.22%
ਅਜੰਸੀ ਦਾ ਨਾਮ: ਮੈਸਰਜ ਹਰੀ ਕਨਸਟਰਕਸ਼ਨ ਕੰਪਨੀ, ਜਲੰਧਰ

ਪੜ੍ਹਿਆ ਦਫਤਰੀ ਨੋਟ ਸੁਪਰਡੰਟ ਸਟੋਰ ਮਿਤੀ 10.1.2020 ਕਿ ਉਪਰੋਕਤ ਵਿਸ਼ੇ ਦੇ ਅਧੀਨ ਕੰਮ ਦਾ ਤਖਮੀਨਾਂ ਰੁਪਏ 3,81,000/- ਦਾ ਫਾਇਰ ਬ੍ਰਿਗੇਡ ਸ਼ਾਖਾ ਵਲੋ ਤਿਆਰ ਕੀਤਾ ਗਿਆ। ਜਿਸ ਦੀ ਪ੍ਰਵਾਨਗੀ ਮਾਨਯੋਗ ਹਾਊਸ ਦੇ ਮਤਾ ਨੰ: 9 ਮਿਤੀ 06-09-2017 ਰਾਂਹੀ ਪ੍ਰਵਾਨ ਕੀਤਾ ਗਿਆ।ਜਿਸ ਦੀ ਪ੍ਰਵਾਨਗੀ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-17/78498 ਮਿਤੀ 22-12-2017 ਕੀਤੀ ਗਈ।ਇਸ ਕੰਮ ਦੇ ਟੈਂਡਰ ਮਿਤੀ 20-11-2018 ਅਤੇ 29-12-2018 ਈ-ਟੈਂਡਰਿੰਗ ਅਤੇ ਅਖਬਾਰਾਂ ਰਾਂਹੀ ਮੰਗੇ ਗਏ ਤੇ ਕੁੱਲ 3 ਟ੍ਰੈਡਰ ਵਸੂਲ ਹੋਏ। ਟੈਂਡਰਾ ਵਿਚੋ ਸਭ ਤੋ ਘੱਟ ਰੇਟ ਦਾ ਟੈਂਡਰ ਮੈਸਰਜ ਹਰੀ ਕਨਸਟਰਕਸ਼ਨ ਕੰਪਨੀ, ਜਲੰਧਰ ਦਾ ਪਾਇਆ ਗਿਆ। ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ ਅਨੁਸਾਰ ਇਹ ਫੈਸਲਾ ਲਿਆ ਗਿਆ ਕਿ ਜਿਹੜਾ ਖਾਕੀ ਕਪੜਾ ਜਨਰਲ ਸਟੋਰ ਵਿੱਚ ਹੈ।ਉਸ ਨੂੰ ਫਾਇਰ ਬ੍ਰਿਗੇਡ ਇੰਪਲਾਈਜ ਨੂੰ ਦੇ ਦਿੱਤਾ ਜਾਵੇ ਪਰ ਯੂਨੀਅਨ ਵਲੋ ਇਹ ਕਿਹਾ ਗਿਆ ਕਿ ਇਹ ਕਪੜਾ ਬਹੁਤ ਹੀ ਪੁਰਾਣਾ ਹੈ ਅਤੇ ਇਸ ਦੀ ਮਿਆਦ ਵੀ ਖਤਮ ਹੋ ਗਈ ਹੈ।ਇਸ ਦੀ ਵਰਤੋ ਨਹੀ ਕੀਤੀ ਜਾ ਸਕਦੀ। ਇਸ ਲਈ ਫਿਰ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਹਿੱਤ ਭੇਜਿਆ ਗਿਆ। ਕਮੇਟੀ ਦੇ ਮੈਬਰਾ ਵਲੋ ਇਹ ਫੈਸਲਾ ਲਿਆ ਗਿਆ ਕਿ ਇਹ ਕਪੜਾ ਸਵੱਛ ਭਾਰਤ ਮਿਸ਼ਨ ਦੇ ਸਬੰਧ ਵਿੱਚ ਕੰਮ ਕਰ ਰਹੇ ਰੈਗ ਕਿਪਰਾ ਨੂੰ ਕੁਰਤਿਆ ਤਿਆਰ ਕਰਵਾ ਕੇ ਦੇ ਦਿੱਤਾ ਜਾਵੇ, ਇਸ ਲਈ ਇਹ ਕਪੜਾ ਸਟੋਰ ਦੇ ਸਟੋਕ ਰਜਿਸਟਰ ਵਿੱਚ ਨਿਲ ਹੋ ਗਿਆ ਹੈ।

ਇਥੇ ਇਹ ਦੱਸਣ ਯੋਗ ਹੈ ਕਿ ਯੂਨੀਅਨ ਵਲੋ ਮੁੜ ਮੰਗ ਕੀਤੀ ਗਈ ਹੈ ਕਿ ਉਹਨਾਂ ਨੂੰ ਸਾਲ 2017-18 ਨੂੰ ਠੇਕੇਦਾਰ ਵਲੋ ਜਿਨ੍ਹਾਂ ਰੇਟਾਂ ਤੇ ਵਰਦੀ ਸਪਲਾਈ ਕੀਤੀ ਹੈ।ਉਸ ਵਿੱਚੋ 20% ਕਟੋਤੀ ਕਰਕੇ ਸਾਲ 2019-2020 ਦੀ ਫਾਇਰ ਸਟਾਫ ਨੂੰ ਦੇਣ ਵਾਲੀ ਵਰਦੀ ਦੀ ਨਗਦ ਅਦਾਇਗੀ ਕਰਵਾਈ ਜਾਵੇ। ਇਸ ਨਾਲ ਨਗਰ ਨਿਗਮ ਨੂੰ ਟੈਂਡਰਾ ਵਾਸਤੇ ਇਸ਼ਤਿਹਾਰ ਆਦਿ ਦਾ ਖਰਚ ਅਤੇ 20% ਕਟੋਤੀ ਨਾਲ ਵਿਤੀ ਲਾਭ ਹੋਵੇਗਾ।

ਇਥੇ ਇਹ ਦੱਸਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਆਪਣੇ ਪੱਤਰ ਨੰਬਰ ਅੰ:ਵਿ.ਪੋ.ਨੰ: 7/4/94-1ਸ/277-280 ਮਿਤੀ 20-06-2012 ਰਾਹੀ ਪੰਜਾਬ ਸਰਕਾਰ ਦੇ ਗਰੁਪ ਡੀ(ਦਰਜਾ 4 ਕਰਮਚਾਰੀਆਂ ਦੀਆਂ ਵਰਦੀਆਂ ਦੇ ਰੇਟ ਦੁਗੱਣਾ ਵਾਧਾ ਕੀਤਾ ਹੈ।ਇਸ ਅਨੁਸਾਰ ਦਰਜਾ ਚਾਰ ਕਰਮਚਾਰੀਆਂ ਨੂੰ ਨਗਦ ਅਦਾਇਗੀ ਕਰਨ ਦੀ ਪ੍ਰਵਾਨਗੀ ਹੋ ਚੁੱਕੀ ਹੈ ਪਰ ਇਹ ਫਾਇਰ ਬ੍ਰਿਗੇਡ ਕਰਮਚਾਰੀ ਅਲਗ ਕੈਡਰ ਵਿਚ ਆਉਂਦੇ ਹਨ। ਇਹਨਾਂ ਨੂੰ ਨਗਦ ਅਦਾਇਗੀ ਕੀਤੀ ਜਾ ਸਕਦੀ ਹੈ ਜਾਂ ਨਹੀ ਇਸ ਸਬੰਧ ਬਾਰੇ ਡੀ.ਸੀ.ਐਫ.ਏ ਜੀ ਦੀ ਰਾਏ ਲੈਣ ਲਈ ਕੇਸ ਭੇਜਿਆ ਗਿਆ ਸੀ। ਸੰਯੁਕਤ ਕਮਿਸ਼ਨਰ (ਵੀ) ਨੇ ਮਿਤੀ ਡੀ.ਸੀ.ਐਫ. ਏ ਜੀ ਪਾਸੋਂ ਰਾਏ ਲਈ ਲੈਣ ਲਈ ਲਿਖਿਆ ਹੈ। ਜਿਸ ਤੇ ਡੀ.ਸੀ.ਐਫ. ਏ. ਵਲੋਂ ਰਿਪੋਰਟ ਕੀਤੀ ਹੈ ਕਿ ਸਰਕਾਰ ਦੀਆ ਹਦਾਇਤਾ ਮੁਤਾਬਿਕ ਪੱਤਰ ਨੰ ਮੀਮੋ ਨੰ: 1DLG-TSC(F)-04 12644-67 ਮਿਤੀ 9-07-2004 ਵਿੱਚ ਦਿੱਤੀ ਗਈ (ਹਦਾਇਤਾ ਲੜੀ ਨੰ: 16) ਅਨੁਸਾਰ ਫਾਇਰ ਬ੍ਰਿਗੇਡ ਸਟਾਫ ਨੂੰ ਵਰਦੀਆ ਨਗਰ ਨਿਗਮ ਵਲੋ Provide ਕੀਤੀਆ ਗਈਆ ਹਨ।ਇਸ ਪੱਤਰ ਵਿੱਚ ਸਰਕਾਰ ਵਲੋ ਫਾਇਰ ਬ੍ਰਿਗੇਡ ਕਰਮਚਾਰੀਆ ਨੂੰ ਨਕਦ ਅਦਾਇਗੀ ਕਰਨ ਲਈ ਕੋਈ ਹਦਾਇਤਾ ਪ੍ਰਾਪਤ ਨਹੀ ਹੋਈਆਂ।ਸੁਪਰਡੰਟ ਸਟੋਰ (ਜ) ਨੇ ਲੇਖਾ ਸ਼ਾਖਾ ਦੀ ਰਿਪੋਰਟ ਅਨੁਸਾਰ ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਵਿਚ ਭੇਜਣ ਦੀ ਸ਼ਿਫਾਰਸ਼ ਕੀਤੀ ਹੈ। ਸੰਯੁਕਤ ਕਮਿਸ਼ਨਰ (ਵ) ਨੇ ਮਿਤੀ 18.2.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 20.2.2020 ਰਾਹੀਂ ਲਿਖਿਆ ਹੈ ਕਿ Cash amount can't be given as per govt. instruction.

ਮਾਨਯੋਗ ਮੇਅਰ ਜੀ ਨੇ ਮਿਤੀ 3.3.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020

**ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 68 ਤੋਂ 70 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ।**

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
29.5.2020

**ਮਤਾ ਨੰਬਰ:-68**
ਵਿਸ਼ਾਂ:- ਸਾਲ 2019-20 ਲਈ ਸਟੇਸ਼ਨਰੀ ਦੀ ਖਰੀਦ ਕਰਨ ਬਾਰੇ ਬੱਚਦੀ ਸੇਵਿਗ ਵਿੱਚੋ ਸਪਲਾਈ ਲੈਣ ਬਾਰੇ।

ਪੜ੍ਹਿਆ ਨੋਟ ਸੁਪਰਡੰਟ ਸਟੋਰ ਮਿਤੀ 28.5.2020 ਜਿਸ ਦੀ ਸਿਫ਼ਾਰਸ਼ ਸੰਯੁਕਤ ਕਮਿਸ਼ਨਰ ਜੀ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਤੇ ਕੰਮ ਕਰਵਾਉਣ ਲਈ ਮਾਰਕੀਟ ਵਿੱਚੋ ਕੁਟੇਸਨ ਲੈ ਕੇ ਤਖਮੀਨਾ ਰੁਪਏ 5,42,959/- ਦਾ ਜਨਰਲ ਸਟੋਰ ਸ਼ਾਖਾ ਵਲੋ ਤਿਆਰ ਕੀਤਾ ਗਿਆ ਸੀ।ਜਿਸ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 18-01-2019 ਨੂੰ ਅਤੇ ਮਾਨਯੋਗ ਮੇਅਰ ਜੀ ਨੇ ਮਿਤੀ 07-03-2019 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਦੇ ਤੋਰ ਤੇ ਮੰਜੂਰੀ ਦਿੱਤੀ ਗਈ।ਜਿਸ ਨੂੰ ਬਾਅਦ ਵਿੱਚ ਨਗਰ ਨਿਗਮ ਹਾਊਸ ਦੇ ਮਤਾ ਨੰ: 34 ਮਿਤੀ 29-11-2019 ਨੂੰ ਪ੍ਰਵਾਨ ਕਰ ਦਿੱਤਾ ਗਿਆ ਸੀ। ਉਕਤ ਕੰਮ ਦੇ ਈ-ਟੈਂਡਰ ਮਿਤੀ 18-07-2019 ਨੂੰ ਮੰਗੇ ਗਏ, ਕੁੱਲ 6 ਈ-ਟੈਂਡਰ ਪ੍ਰਾਪਤ ਹੋਏ। ਜਿਸ ਵਿੱਚ ਮੈ: ਗੁਪਤਾ ਇਲੈਕਟ੍ਰਿਕ ਸਟੋਰ ਦਾ ਟੈਂਡਰ ਘੱਟ ਪਾਇਆ ਗਿਆ ਜਿਸ ਵਿੱਚ ਇਸ ਕੰਮ ਦੀ 30% ਸੇਵਿੰਗ ਪਾਈ ਗਈ । ਠੇਕੇਦਾਰ ਨੂੰ ਇਕਰਾਰਨਾਮਾ ਕਰਨ ਉਪਰੰਤ ਵਰਕਆਰਡਕ ਨੰ: ਐਸ.ਪੀ.ਓ/13 ਮਿਤੀ 29-07-2019 ਦਿੱਤਾ ਗਿਆ ਅਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ।ਠੇਕੇਦਾਰ ਵਲੋਂ ਸਮੇਂ-ਸਮੇਂ ਤੇ ਨਗਰ ਨਿਗਮ ਨੂੰ ਉਪਰੋਕਤ ਸਮਾਨ ਦੀ ਸਪਲਾਈ ਕਰਨ ਉਪਰੰਤ ਆਪਣੇ ਪਹਿਲੇ ਬਿਲਾ ਦੀ ਅਦਾਇਗੀ ਲੈ ਲਿਤੀ ਗਈ ਹੈ।ਜਿਸ ਨਾਲ ਰਕਮ ਰੁਪਏ 3,50,000/- ਖਤਮ ਹੋ ਗਈ ਹੈ।

ਇਥੇ ਇਹ ਦੱਸਣ ਯੋਗ ਹੈ ਕਿ ਇਸ ਤਰ੍ਹਾਂ ਦੇ ਕੰਮ ਵਾਸਤੇ ਤਖਮੀਨਾ ਤਿਆਰ ਕੀਤਾ ਜਾਣਾ ਹੈ।ਜਿਸ ਨੂੰ ਅਜੇ ਸਮਾਂ ਲੱਗ ਸਕਦਾ ਹੈ।ਕਿਉ ਜ਼ੋ ਨਗਰ ਨਿਗਮ ਦੀਆ ਵੱਖ-ਵੱਖ ਸ਼ਾਖਾਵਾ ਵਲੋ ਸਮਾਨ ਦੀ ਮੰਗ ਕੀਤੀ ਜਾ ਰਹੀ ਹੈ।ਸਮਾਨ ਸਟੋਰ ਵਿੱਚ ਉਪਲਬਧ ਨਾ ਹੋਣ ਕਰਕੇ, ਮਾਨਯੋਗ ਕਮਿਸ਼ਨਰ ਜੀ ਦੇ ਧਿਆਨ ਵਿੱਚ ਲਿਆਦਾ ਗਿਆ।ਜਿਸ ਵਿੱਚ ਉਹਨਾਂ ਵਲੋ ਮਿਤੀ 28-05-2020 ਰਾਹੀ ਹੁਕਮ ਜਾਰੀ ਕੀਤੇ ਗਏ ਹਨ ਸਲਾਨਾ ਤਖਮੀਨੇ ਵਿੱਚੋ ਬੱਚਦੀ ਸੇਵਿਗ 30% ਵਿੱਚੋ ਕੰਮ ਕਰਵਾਏ ਜਾਣ ਇਸ ਲਈ ਹਾਲ ਦੀ ਘੜੀ ਵਿੱਚ ਤਖਮੀਨੇ ਵਿੱਚ ਬੱਚਦੀ 30% ਸੇਵਿੰਗ ਰੂਪਏ 1,62,888/- ਵਰਤਨ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ ਹੈ ਜੀ।ਕਮਿਸ਼ਨਰ ਜੀ ਨੇ ਮਿਤੀ 28.5.2020 ਰਾਹੀਂ 25% ਵਾਧੇ ਦੀ ਮੰਜ਼ੂਰੀ ਦੇਣ ਦੀ ਸਿਫ਼ਾਰਸ਼ ਕੀਤੀ ਹੈ ।

ਮਾਨਯੋਗ ਮੇਅਰ ਜੀ ਨੇ ਮਿਤੀ 28.5.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
29.5.2020

ਮਤਾ ਨੰਬਰ:-69

**ਵਿਸ਼ਾ:- ਸ਼ਹਿਰ ਦੀਆਂ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਬਾਬਤ ਜ਼ੋਨ ਵਾਈਜ਼ ਟੈਂਡਰਾਂ ਦੀ ਪ੍ਰਵਾਨਗੀ ਬਾਰੇ।**

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਸਟਰੀਟ ਲਾਈਟ) ਜਿਸ ਦੀ ਸਿਫ਼ਾਰਸ਼ ਨਿਗਰਾਨ ਇਜੀਂਨੀਅਰ (ਓ.ਐਂਡ ਐਮ.) ਨੇ ਮਿਤੀ 17.3.2020 ਰਾਹੀਂ ਸਿਫ਼ਾਰਸ਼ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਸ਼ਹਿਰ ਦੇ ਅੰਦਰ ਲਗੀਆਂ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ 7-ਜ਼ੋਨਾਂ ਵਿੱਚ ਵੰਡਿਆ ਹੋਇਆ ਹੈ। ਜ਼ੋਨ ਵਾਈਜ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ ਠੇਕੇ ਤੇ ਕਰਵਾਇਆ ਜਾ ਰਿਹਾ ਹੈ, ਇਹਨਾਂ ਕੰਮਾਂ ਦੀ ਮਿਆਦ ਮਿਤੀ 31.01.2020 ਨੂੰ ਖਤਮ ਹੋ ਰਹੀ ਹੈ। ਸ਼ਹਿਰ ਦੇ ਸਟਰੀਟ ਲਾਇਟਾਂ ਦੇ ਕੰਮਾਂ ਨੂੰ ਸੁਚਾਰੂ ਢੰਗ ਅਤੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹਨਾ ਕੰਮਾਂ ਦੇ ਵੱਖ-ਵੱਖ ਤਖਮੀਨੇ ਜ਼ੋਨ ਵਾਈਜ਼ ਤਿਆਰ ਕੀਤੇ ਗਏ। ਜਿਹਨਾ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 87 (1 ਤੋ 7) ਮਿਤੀ 29.11.19 ਰਾਹੀਂ ਦਿੱਤੀ। ਇਹਨਾਂ ਕੰਮਾਂ ਲਈ ਵਿਸਤਾਰਪੂਰਵਕ ਐਨ.ਆਈ.ਟੀ, ਟਰਮਜ਼ ਕੰਡੀਸ਼ਨਜ਼ ਅਤੇ ਅਲੀਜੀਬਿਲਟੀ ਕਰਟੀਰਿਆਂ ਤਿਆਰ ਕਰਕੇ ਵੱਖ-ਵੱਖ ਜ਼ੋਨਾਂ ਦੇ ਕੰਮ ਪਹਿਲੀ ਬਾਰੀ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 03.12.19 ਮੰਗੇ ਗਏ। ਸਾਰੇ ਕੰਮਾਂ ਦੇ 3-3 ਟੈਂਡਰ ਪ੍ਰਾਪਤ ਹੋਏ। ਇਹਨਾ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਮਿਆਰ ਪੱਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ। ਇਹਨਾਂ ਟੈਂਡਰਾਂ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਗਿਆ। **ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 217 ਮਿਤੀ 20.12.2019 ਰਾਹੀਂ ਇਹ ਫੈਸਲਾ ਹੋਇਆ ਕਿ ਟੈਂਡਰਾਂ ਨੂੰ ਰੱਦ ਕਰਦੇ ਹੋਏ, ਦੁਬਾਰਾ ਟੈਂਡਰ ਮੰਗੇ ਜਾਣ।**

ਇਹਨਾ ਕੰਮਾਂ ਦੇ ਟੈਂਡਰ ਦੂਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 10.01.2020 ਨੂੰ ਮੰਗੇ ਗਏ। ਜ਼ੋਨ ਨੰ: 1,2,4 ਅਤੇ 7 ਦੇ ਕੰਮਾਂ ਦੇ ਸਿਰਫ 1-1 ਟੈਂਡਰ ਪ੍ਰਾਪਤ ਹੋਏ, ਅਤੇ ਜ਼ੋਨ ਨੰ: 3,5 ਅਤੇ 6 ਦੇ ਕੰਮਾਂ ਦਾ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਸਰਕਾਰ ਦੀ ਨੋਟੀਫਿਕੇਸ਼ਨ ਅਤੇ ਐਸ.ਓ.ਪੀ ਦੀ ਕੰਡੀਸ਼ਨਜ਼ ਅਨੁਸਾਰ ਜ਼ੋਨ ਨੰ: 1,2, 4 ਅਤੇ 7 ਦੇ ਕੰਮਾਂ ਦੀਆਂ ਘੱਟ ਬਿਡਾਂ (1-1) ਪ੍ਰਾਪਤ ਹੋਣ ਅਤੇ ਜ਼ੋਨ ਨੰ: 3,5 ਅਤੇ 6 ਦੇ ਕੰਮਾਂ ਦੀ ਕੋਈ ਬਿਡ ਪ੍ਰਾਪਤ ਨਾ ਹੋਣ ਕਾਰਨ ਇਹਨਾ ਸਾਰੇ ਟੈਂਡਰਾਂ ਨੂੰ ਮਿਤੀ 10.01.2020 ਨੂੰ ਰੱਦ ਕਰਦੇ ਹੋਏ ਰਿ-ਕਾਲ ਕੀਤੇ ਗਏ।

ਇਹਨਾਂ ਕੰਮਾਂ ਦੇ ਟੈਂਡਰ ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 20.01.20 ਮੰਗੇ ਗਏ, ਜਿਸ ਵਿੱਚ ਜ਼ੋਨ ਨੰ: 1 ਤੋ 4 ਅਤੇ 7 ਦੇ ਕੰਮਾਂ ਦੀਆਂ 1-1 ਬਿਡ ਪ੍ਰਾਪਤ ਹੋਈ। ਇਹਨਾ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਮਿਆਰ ਪਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ। ਇਹਨਾਂ ਟੈਂਡਰਾਂ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਗਿਆ। **ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 43 ਮਿਤੀ 13.02.2020 ਰਾਹੀਂ ਇਹ ਫੈਸਲਾ ਹੋਇਆ ਕਿ ਟੈਂਡਰਾਂ ਨੂੰ ਰੱਦ ਕਰਦੇ ਹੋਏ, ਦੁਬਾਰਾ ਟੈਂਡਰ ਮੰਗੇ ਜਾਣ।**

ਵਿੱਤ ਅਤੇ ਠੇਕਾ ਕਮੇਟੀ ਦੇ ਫੈਸਲੇ ਨੂੰ ਮੁੱਖ ਰੱਖਦੇ ਹੋਏ ਇਹਨਾਂ ਕੰਮਾਂ ਦੇ ਟੈਂਡਰ ਚੌਥੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 28.02.20 ਮੰਗੇ ਗਏ, ਜਿਸ ਵਿੱਚ ਜ਼ੋਨ ਨੰ: 1,2,5 ਅਤੇ 7 ਵਿੱਚ 2-2 ਬਿਡਾਂ ਪ੍ਰਾਪਤ ਹੋਇਆ ਅਤੇ ਜ਼ੋਨ ਨੰ: 3,4 ਅਤੇ 6 ਵਿੱਚ ਦੇ ਕੰਮਾਂ ਦੀਆਂ 1-1 ਬਿਡ ਪ੍ਰਾਪਤ ਹੋਈ। ਇਹਨਾ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਮਿਆਰ ਪਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ। ਇਹਨਾਂ ਟੈਂਡਰਾਂ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਗਿਆ। **ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 53 ਮਿਤੀ 03.03.2020 ਰਾਹੀਂ ਇਹ ਫੈਸਲਾ ਹੋਇਆ ਕਿ ਜ਼ੋਨ ਨੰ: 7 ਦੇ ਕੰਮ ਦੇ ਟੈਂਡਰ ਸਟਾਰ ਰੇਟ ਕੰਡੀਸ਼ਨਜ਼ ਅਨੁਸਾਰ ਸਬ ਤੋ ਜਿਆਦਾ ਸੇਵਿੰਗ ਦੇਣ ਵਾਲੇ ਅਜੰਸੀ ਗੁਰਮ ਇਲੈਕਟ੍ਰਿਕਲ ਨੂੰ ਅਲਾਟ ਕੀਤਾ ਜਾਵੇ ਅਤੇ ਜ਼ੋਨ ਨੰ: 1 ਤੋ 6 ਤੱਕ ਦੇ ਕੰਮਾਂ ਦੇ ਟੈਂਡਰਾਂ ਨੂੰ ਠੇਕੇਦਾਰ ਵੱਲੋਂ ਸੇਵਿੰਗ 48.90% ਤੇ ਸਹਿਮਤ ਨਾ ਹੋਣ ਕਾਰਨ ਰੱਦ ਕਰਦੇ ਹੋਏ ਐਨ.ਆਈ.ਟੀ ਵਿੱਚ ਸਟਾਰ ਰੇਟ ਦੀ ਕੰਡੀਸ਼ਨ ਹਟਾਉਣ ਉਪਰੰਤ ਟੈਂਡਰ ਰਿ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ।**

ਇਹਨਾਂ ਹੁਕਮਾਂ ਦੀ ਪਾਲਣਾ ਕਰਦੇ ਹੋਏ ਇਹਨਾਂ ਕੰਮਾਂ ਦੇ ਟੈਂਡਰ ਪੰਜਵੀਂ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 13.03.20 ਮੰਗੇ ਗਏ। ਇਹਨਾ ਟੈਂਡਰਾਂ ਦੀਆਂ ਤਕਨੀਕੀ ਬਿਡਾਂ ਮਿਆਰ ਪੱਖੋ ਪੂਰੀਆਂ ਹੋਣ ਕਾਰਨ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ, ਜਿਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦੇ ਕੰਮ ਬਾਰੇ। ਜ਼ੋਨ ਨੰ: | ਤਖਮੀਨਾ ਰੁਪਏ | ਅਜੰਸੀ ਦਾ ਨਾਮ ਅਤੇ ਪ੍ਰਾਪਤ ਸੇਵਿੰਗ | |
|---|---|---|---|---|
| | | | **L1** | **L-2** |
| | ਜ਼ੋਨ 1 | 013332/- | ਮੈ ਸਰੀਨ ਕੰਟਰੈਕਟਰ<br>ਸੇਵਿੰਗ 29.52% | ਮੈ ਗੁਪਤਾ ਇਲੈਕਟ੍ਰਿਕਲ ਸਟੋਰ<br>ਸੇਵਿੰਗ 21.13% |
| | ਜ਼ੋਨ 2 | 550464/- | ਮੈ ਜਗਦੀਸ਼ ਇਲੈਕਟ੍ਰਿਕ ਵਰਕਸ<br>ਸੇਵਿੰਗ 31.33% | ਨਿਲ |

| | | | | |
|---|---|---|---|---|
| | ਜ਼ੋਨ 3 | 334204/- | ਮੈ ਜਗਦੀਸ਼ ਇਲੈਕਟ੍ਰਿਕ ਵਰਕਸ ਸੇਵਿੰਗ 31.33% | ਨਿਲ |
| | ਜ਼ੋਨ 4 | 100727/- | ਮੈ: ਤਰਨਤਾਰਨ ਇਲੈਕਟ੍ਰਿਕ ਕੰਪਨੀ ਸੇਵਿੰਗ 31.33% | ਨਿਲ |
| | ਜ਼ੋਨ 5 | 007476/- | ਮੈ ਗੁਰਮ ਇਲੈਕਟ੍ਰਿਕਲ ਕੰਪਨੀ ਸੇਵਿੰਗ 31.33% | ਮੈ ਗੁਪਤਾ ਇਲੈਕਟ੍ਰਿਕਲ ਸਟੋਰ ਸੇਵਿੰਗ 21.13% |
| | ਜ਼ੋਨ 6 | 180684/- | ਮੈ ਲੁਥਰਾ ਐਂਟਰਪ੍ਰਾਇਸਿਜ਼ ਸੇਵਿੰਗ 30.30% | ਨਿਲ |

ਉਪਰੋਕਤ ਦਰਸ਼ਾਏ ਟੇਬਲ ਅਨੁਸਾਰ ਜ਼ੋਨ ਨੰ: 2 ਅਤੇ 3 ਦਾ ਕੰਮ ਮੈਸਰਜ਼ ਜਗਦੀਸ਼ ਇਲੈਕਟ੍ਰਿਕ ਵਰਕਸ ਨੂੰ ਅਲਾਟ ਕੀਤਾ ਜਾਣਾ ਬਣਦਾ ਹੈ।

ਜ਼ੋਨ ਨੰ: 1 ਦਾ ਕੰਮ ਮੈਸਰਜ਼ ਸਰੀਨ ਕੰਟਰੈਕਟਰ ਨੂੰ ਅਲਾਟ ਕੀਤਾ ਜਾਣਾ ਬਣਦਾ ਹੈ।

ਜ਼ੋਨ ਨੰ: 4 ਦਾ ਕੰਮ ਮੈ: ਤਰਨਤਾਰਨ ਇਲੈਕਟ੍ਰਿਕ ਕੰਪਨੀ ਨੂੰ ਅਲਾਟ ਕੀਤਾ ਜਾਣਾ ਬਣਦਾ ਹੈ।

ਜ਼ੋਨ ਨੰ: 5 ਦਾ ਕੰਮ ਮੈ ਗੁਰਮ ਇਲੈਕਟ੍ਰਿਕਲ ਕੰਪਨੀ ਨੂੰ ਅਲਾਟ ਕੀਤਾ ਜਾਣਾ ਬਣਦਾ ਹੈ।

ਜ਼ੋਨ ਨੰ: 6 ਦਾ ਕੰਮ ਮੈ ਲੁਥਰਾ ਐਂਟਰਪ੍ਰਾਇਸਿਜ਼ ਨੂੰ ਅਲਾਟ ਕੀਤਾ ਜਾਣਾ ਬਣਦਾ ਹੈ।

ਇਸ ਲਈ ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਨੇ ਮਿਤੀ 17.3.2020 ਰਾਹੀਂ ਇਸ ਤਜਵੀਜ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
29.5.2020

**ਮਤਾ ਨੰਬਰ:-70**

ਵਿਸ਼ਾ :- ਸੁਪਰ ਸੱਕਰ ਮਸ਼ੀਨ ਰਾਹੀ ਸੀ.ਸੀ.ਟੀ.ਵੀ. ਕੈਮਰੇ ਦੀ ਮੱਦਦ ਨਾਲ ਸਬਜ਼ੀ ਮੰਡੀ ਡਿਸਪੋਜ਼ਲ ਤੋਂ ਮਕਸੂਦਾਂ ਚੌਂਕ ਤੱਕ ਮੇਨ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਦੇ ਤਖਮੀਨੇ ਵਿੱਚ 20% ਵਾਧਾ ਕਰਨ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ.ਐਮ) ਮਿਤੀ 16.4.2020 ਕਿ ਉਪਰੋਕਤ ਵਿਸ਼ੇ ਤੇ ਕੰਮ ਕਰਵਾਉਣ ਵਾਸਤੇ ਤਖਮੀਨਾਂ ਰੁਪਏ 20.00 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰ: 179(65) ਮਿਤੀ 5.12.2016 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਵੱਲੋ ਪੱਤਰ ਨੰ : 31941 ਮਿਤੀ : 13.06.2018 ਰਾਹੀ ਦਿੱਤੀ ਗਈ।

ਸਥਾਨਕ ਸਰਕਾਰ ਦੇ ਰੇਟ ਕੰਟਰੈਕਟ ਅਨੁਸਾਰ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 15,88,650/- ਦਾ ਤਿਆਰ ਕੀਤਾ ਗਿਆ। ਸਥਾਨਕ ਸਰਕਾਰ ਵੱਲੋ ਪ੍ਰਵਾਨ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ M/s APESPL-IBA JV, (Aryan Pumps Enviro Solution Pvt. Ltd – Inderjit Bajaj & Associates JV) Pune ਤੋਂ ਕਰਵਾਉਣ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵੱਲੋ ਮਤਾ ਨੰਬਰ 74 ਮਿਤੀ : 30.05.2019 ਰਾਹੀ ਦਿੱਤੀ ਗਈ।

ਇੱਥੇ ਇਹ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਹਾਊਸ ਵੱਲੋ ਪਾਸ ਕੀਤੇ ਗਏ ਤਖਮੀਨੇ ਵਿੱਚ 24"×36" ਡਾਇਆ ਦੀ ਸੀਵਰ ਲਾਈਨ ਦੇ ਹਿਸਾਬ ਨਾਲ ਤਖਮੀਨਾ ਤਿਆਰ ਕੀਤਾ ਗਿਆ ਸੀ ਪ੍ਰੰਤੂ ਮੌਕੇ ਤੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਸੀਵਰ ਦਾ ਸਾਈਜ਼ ਚੈੱਕ ਕੀਤਾ ਗਿਆ ਜ਼ੋ ਕਿ ਮੌਕੇ ਤੇ 32"×40" ਡਾਇਆ ਪਾਇਆ ਗਿਆ, ਜਿਸ ਦੀ ਪੁਸ਼ਟੀ ਮਹਿਕਮਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਤੋਂ ਪ੍ਰਾਪਤ ਸਾਇਟ ਪਲਾਨ ਅਨੁਸਾਰ ਕੀਤੀ ਗਈ ਹੈ। ਇਸ ਲਈ ਉਪਰੋਕਤ ਕੰਮ ਕਰਵਾਉਣ ਲਈ 32"×40" ਡਾਇਆ ਸੀਵਰ ਸਾਇਜ਼ ਅਨੁਸਾਰ ਇੱਕ ਰੀਵਾਇਜਡ ਤਖਮੀਨਾ ਰੁਪਏ 23,22,600/- ਦਾ ਤਿਆਰ ਕੀਤਾ ਗਿਆ ਹੈ ਜ਼ੋ ਕਿ ਨਗਰ ਨਿਗਮ ਹਾਊਸ ਵੱਲੋ ਪਹਿਲਾ ਪ੍ਰਵਾਨ ਕੀਤੇ ਗਏ ਤਖਮੀਨੇ ਰੁਪਏ 20.00 ਲੱਖ ਦੇ 20% ਵੈਰੀਏਸ਼ਨ ਵਿੱਚ ਆਉਂਦਾ ਹੈ। ਇਸ ਲਈ ਸੋਧੇ ਹੋਏ ਤਖਮੀਨੇ ਵਿੱਚ 20% ਵਾਧਾ ਕਰਨ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 20.4.2020 ਰਾਹੀਂ ਲਿਖਿਆ ਹੈ ਕਿ ਸਥਾਨਕ ਸਰਕਾਰ ਵਿਭਾਗ ਪੰਜਾਬ ਮੇਨ ਸੀਵਰ ਲਾਈਨਾਂ ਦੀ ਸੁਪਰ ਸਕਸ਼ਨ ਮਸ਼ੀਨਾ ਰਾਹੀਂ ਡੀਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਹੋਇਆ ਹੈ। ਜਿਸ ਵਿਚ ਵੱਖ-ਵੱਖ ਲਾਈਨਾਂ ਦੇ ਸੀਵਰ ਦੀ ਡੀਸਿਲਟਿੰਗ ਕਰਵਾਉਣ ਦੇ ਰੇਟ ਲੇਨਥ ਅਨੁਸਾਰ ਕੀਤੇ ਜਾਣੇ ਹਨ।ਇਸ ਲਈ ਸੋਧੇ ਹੋਏ ਤਖਮੀਨੇ ਵਿਚ 20% ਵਾਧਾ ਕਰਨ ਲਈ ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੇਣ ਦੀ ਸ਼ਿਫਾਰਸ਼ ਕੀਤੀ ਹੈ।ਕਮਿਸ਼ਨਰ ਜੀ ਨੇ ਮਿਤੀ 20.4.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 20.4.2020 ਰਾਹੀਂ ਇਸ ਤਜਵੀਜ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਪੇਸ਼ ਹੈ ਜੀ

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

29.5.2020